MARCH 2019

Careers Section
Pages 29-33, 47

# Road Today

CANADA'S MAGAZINE FOR SOUTH ASIAN TRUCKERS



## ਟਰੱਕ ਡਰਾਈਵਰ, ਇੰਮੀਗਰੇਸ਼ਨ ਅਤੇ ਵਿਵਾਦ

ROAD TODAY • TRUCK NEWS
**JOBS EXPO**
SATURDAY, APRIL 6, 2019
MISSISSAUGA, ON

TruckandTrailer.ca
RETAIL ADVERTISING INSIDE

www.roadtoday.com

Canadian Mail Sales Product Agreement #43556525. Return postage guaranteed. Newcom South Asian Media Company Inc., 5353 Dundas Street West, Suite 400, Toronto, Ontario M9B 6H8.



“One of the reasons we’ve gone with Castrol is the ability to do oil samples every oil change. LabCheck is one of the primary reasons we’ve been able to extend the operational life of our vehicle.”

Fred LaRue, President,
LaRue’s Haulage

YouTube

SCAN, OR SEARCH CASTROL HEAVY DUTY CUSTOMER TESTIMONIAL FOR THE FULL VIDEO!



## WHEN YOU'RE ON THE JOB, EVERY MOMENT COUNTS.

- Extended service intervals and less time in the shop
- Limited aeration enables longer engine life
- Resists oxidation for 30% longer than previous formulations for fewer costly repairs

ASK US ABOUT HOW WE CAN HELP YOUR BUSINESS AT
1-888-CASTROL

Castrol HEAVY DUTY LUBRICANTS

FIELD TESTED. FLEET TRUSTED.™

**Road Today**
CANADA'S MAGAZINE FOR SOUTH ASIAN TRUCKERS

**JOE GLIONNA**
**President**
(416) 614-5805 | joe@newcom.ca

**MANAN GUPTA**
**General Manager/Publisher**
(416) 614-5829 | manan@newcom.ca

**LOU SMYRLIS**
**Managing Director**
(416) 510-6881 | lou@newcom.ca

**PAT GLIONNA**
**Circulation Manager**
(416) 614 2200 | pat@newcom.ca

**TIM NORTON/RANJIT SINGH**
**Design/Layout**
(416) 510 5223 | tim@newcom.ca

**SAMANTHA NAGY**
**Production Manager**
(416) 510-5196 | samantha@newcom.ca

**EDITORIAL CONTRIBUTORS**

**Jagdeep Kailey, Harjit Bajwa, Rolf Lockwood, John G. Smith, James Menzies, Sonia Straface, Derek Clouthier, Manan Gupta, Bruce Outridge**

**ACCOUNT MANAGERS**

**ANTHONY BUTTINO**
**National Accounts Manager**
(514) 292-2297 | anthonyb@newcom.ca

**NICKISHA RASHID**
**National Accounts Manager**
(416) 614-5824 | nickisha@newcom.ca

**KATHY KORAS**
**Careers Accounts Manager**
(416) 510-6892 | kathy@newcom.ca

**DENIS ARSENAULT**
**Quebec Accounts Manager**
(514) 947-7228 | denis@newcom.ca

**A. (TONY) HOHENADEL**
**Retail Accounts Manager**
(416) 614-5800 | tony@newcom.ca

**DOUG COPELAND**
**Retail Accounts Manager**
(416) 510-6889 | doug@newcom.ca

**PAUL BEELIEN**
**Retail Accounts Manager**
(416) 614-5806 | paul@newcom.ca

*Road Today* is published by NEWCOM SOUTH ASIAN MEDIA COMPANY INC., 5353 Dundas Street West, Suite 400, Toronto, Ontario M9B 6H8. I Copyright 2019. All rights reserved. Contents may not be reproduced by any means, in whole or in part, without prior written consent of the publisher. The advertiser agrees to protect the publisher against legal action based upon libelous or inaccurate statements, unauthorized use of photographs, or other material in connection with advertisements placed in *Road Today*. The publisher reserves the right to refuse advertising that in his opinion is misleading or in poor taste.
**Postmaster:** Address changes to *Road Today*, 5353 Dundas Street West, Suite 400, Toronto, Ont., M9B 6H8. Postage paid Canadian Publications Mail Sales Agreement No.#43556525.
**ISSN No. 1712-7602. Printed in Canada.**

NEWCOM
SOUTH ASIAN MEDIA CO.

**NEWCOM**
**SOUTH ASIAN MEDIA CO.**
5353 Dundas Street West, Suite 400,
Toronto, Ontario, M9B 6H8

VOLUME 16, ISSUE 02

# Contents




8

ਟਰੱਕ ਡਰਾਈਵਰਾਂ ਦੀ ਕਿੱਲਤ

**ਕੀ ਇੰਮੀਗਰਾਂਟਾਂ ਹੱਥ ਹੈ ਡੋਰੀ ?**

ਕੈਨੇਡੀਅਨ ਟਰੱਕਿੰਗ ਅਲਾਇੰਸ ਅਤੇ ਓਂਟਾਰੀਓ ਟਰੱਕਿੰਗ ਐਸੋਸੀਏਸ਼ਨ ਟਰੱਕ ਡਰਾਈਵਰਾਂ ਦੀ ਕਿੱਲਤ ਨੂੰ ਪੂਰਾ ਕਰਨ ਲਈ ਆਸ ਪਰਵਾਸੀਆਂ ਉੱਤੇ ਲਾਈ ਬੈਠੀਆਂ ਹਨ ਜਿਨ੍ਹਾਂ ਦਾ ਇਸ ਇੰਡਸਟਰੀ ਵਿੱਚ ਪਸਾਰਾ ਜੱਗ ਜਾਹਰ ਹੋ ਚੁੱਕਾ ਹੈ।



19

19 **Ontario to roll out scale bypass technologies**
**ਸਕੇਲ ਬਾਈਪਾਸ ਤਕਨਾਲੋਜੀ ਲਾਗੂ ਕਰਨ ਵਾਲਾ ਦੂਜਾ ਸੂਬਾ ਬਣਿਆ ਓਂਟਾਰੀਓ**

21 **Feds promise a national truck driver training standard by 2020**
**ਫ਼ੈਡਰਲ ਸਰਕਾਰ ਵੱਲੋਂ ਟਰੱਕ ਡਰਾਈਵਰ ਸਿਖਲਾਈ ਮਾਨਕ ਲਿਆਉਣ ਦਾ ਵਾਅਦਾ**

28 **Canada's aftermarket now a $4-billion industry**
**$4 ਅਰਬ ਦਾ ਉਦਯੋਗ ਬਣਿਆ ਕੈਨੇਡਾ ਦੀ ਆਫ਼ਟਰਮਾਰਕੀਟ**

36 **Volvo Trucks offers versatile workstation for VNL 740, 760 and VNX 740 Models**
**ਵੋਲਵੋ ਟਰੱਕਸ ਨੇ ਵੀਐਨਐਲ 740, 760 ਅਤੇ ਵੀਐਨਐਕਸ 740 ਮਾਡਲਾਂ ਲਈ ਪੇਸ਼ ਕੀਤਾ ਵੰਨ-ਸੁਵੰਨਾ ਵਰਕਸਟੇਸ਼ਨ**

12 **ਮਿਸੀਸਾਗਾ 'ਚ ਟਰੱਕਿੰਗ ਇੰਡਸਟਰੀ ਦਾ ਨੌਕਰੀ ਮੇਲਾ 6 ਅਪ੍ਰੈਲ ਨੂੰ**

13 **ਅੱਧੀ ਟੈਨਸ਼ਨ ਤਾਂ ਡਰਾਈਵਰਾਂ ਨੂੰ ਸਕੇਲਾਂ ਪਾਰ ਕਰਨ ਦੀ ਹੁੰਦੀ ਹੈ**

16 **ਪੁਰਾਣੇ ਟਰੱਕਾਂ ਦੇ ਬਾਜ਼ਾਰ 'ਚ ਉਤਸਰਜਨ ਸਿਸਟਮ ਬਣੇ ਹਊਆ**

34 **क्या आप कनाडा रेवेन्यू एजेंसी की समीक्षा से बचना चाहते हैं?**



36

# manac




TRADE ACCEPTED

CALL US NOW!









BUILT RUGGED, BUILT LIGHT

**SALES OFFICES**

| | |
|---|---|
| Edmonton: | 877 626 2622 |
| Montreal: | 800 361 7900 |
| Surrey: | 604 888 2899 |
| Toronto: | 800 956 2622 |
| Winnipeg: | 204 697 8017 |

**manac.com**

facebook.com/manacinc

FROM THE PUBLISHER



# Trucking Industry Making Progress on Training & Road Safety Issues

# ਟਰੱਕਿੰਗ ਇੰਡਸਟਰੀ ਨੇ ਸਿਖਲਾਈ ਅਤੇ ਸੜਕ ਸੁਰੱਖਿਆ ਦੇ ਮੁੱਦਿਆਂ ਤੇ ਕੀਤੀ ਤਰੱਕੀ

The recent announcement by federal Transport Minister Marc Garneau that a national entry-level training standard for commercial drivers will be in place by January 2020 is a welcome step. The Canadian Council of Motor Transportation Administrators (CCMTA) will be developing the standard which will then be put into the National Safety Code to recognize the importance of training for truck drivers. This is a significant step to ensure that future truck drivers across Canada have the knowledge and skills that they need to safely operate these vehicles.

In another major development, Ontario has announced the implementation of a new, pre-clearance technology at truck inspection stations that will reduce delays, promote on time delivery of goods and improve road safety.

The technology will identify high-risk trucks as they approach a truck inspection station and provide an alert to Ministry of Transportation enforcement officers to have the truck enter the station for a full inspection. Trucks with good safety records will receive an alert to bypass the stop – saving time, money and fuel. Initially available as a pilot program at four stations: Vineland, Putnam South, Whitby/Oshawa and Lancaster by summer 2019, we hope the program is soon rolled out across Ontario.

To further reduce red tape, Ontario recently proposed changes to the *Highway Traffic Act* to allow commercial truck drivers the option of an electronic cab card, making it easier to confirm driver credentials and reduce paperwork. Our industry welcomes such initiatives towards boosting productivity and offering savings at the same time.

We look forward to welcome you at the much anticipated '*Jobs Expo*' being held on Saturday, April 6th at the International Centre in Mississauga. Don't forget to stop by and explore rewarding career opportunities in the trucking and logistics industry. Entry and parking is free!

ਹਾਲ ਹੀ ਵਿੱਚ ਫ਼ੈਡਰਲ ਆਵਾਜਾਈ ਮੰਤਰੀ ਮਾਰਕ ਗਾਰਨੋ ਵੱਲੋਂ ਆਇਆ ਇਹ ਐਲਾਨ ਸਵਾਗਤਯੋਗ ਕਦਮ ਹੈ ਕਿ ਜਨਵਰੀ 2020 ਤਕ ਕਮਰਸ਼ੀਅਲ ਡਰਾਈਵਰਾਂ ਲਈ ਕੌਮੀ ਦਾਖ਼ਲਾ-ਪੱਧਰੀ ਸਿਖਲਾਈ ਮਾਨਕਾਂ ਨੂੰ ਲਾਗੂ ਕਰ ਦਿੱਤਾ ਜਾਵੇਗਾ। ਇਨ੍ਹਾਂ ਮਾਨਕਾਂ ਨੂੰ ਕੈਨੇਡੀਅਨ ਮੋਟਰ ਆਵਾਜਾਈ ਪ੍ਰਸ਼ਾਸਕ ਕੌਂਸਲ (ਸੀ.ਸੀ.ਐਮ.ਟੀ.ਏ.) ਵੱਲੋਂ ਵਿਕਸਤ ਕੀਤਾ ਜਾਵੇਗਾ ਜਿਨ੍ਹਾਂ ਨੂੰ ਕੌਮੀ ਸੁਰੱਖਿਆ ਕੋਡ 'ਚ ਦਰਜ ਕਰ ਕੇ ਟਰੱਕ ਡਰਾਈਵਰਾਂ ਲਈ ਸਿਖਲਾਈ ਦੀ ਮਹੱਤਤਾ ਨੂੰ ਮਾਨਤਾ ਦਿੱਤੀ ਜਾਵੇਗੀ। ਪੂਰੇ ਕੈਨੇਡਾ 'ਚ ਭਵਿੱਖ ਦੇ ਟਰੱਕ ਡਰਾਈਵਰਾਂ ਕੋਲ ਸੁਰੱਖਿਅਤ ਤਰੀਕੇ ਨਾਲ ਚਲਾਉਣ ਦੀ ਜਾਣਕਾਰੀ ਅਤੇ ਮੁਹਾਰਤ ਯਕੀਨੀ ਕਰਨ ਵਲ ਇਹ ਇੱਕ ਵੱਡਾ ਕਦਮ ਸਾਬਤ ਹੋਵੇਗਾ।

ਇੱਕ ਹੋਰ ਵੱਡੀ ਖ਼ਬਰ ਇਹ ਹੈ ਕਿ ਓਂਟਾਰੀਓ ਨੇ ਟਰੱਕ ਜਾਂਚ ਸਟੇਸ਼ਨਾਂ ਲਈ ਨਵੀਂ ਅਗਾਊਂ-ਮਨਜ਼ੂਰੀ ਤਕਨਾਲੋਜੀ ਨੂੰ ਲਾਗੂ ਕਰਨ ਦਾ ਵੀ ਐਲਾਨ ਕਰ ਦਿੱਤਾ ਹੈ ਜੋ ਕਿ ਦੇਰੀ ਨੂੰ ਘੱਟ ਕਰੇਗੀ, ਵਸਤਾਂ ਦੀ ਸਮੇਂ ਸਿਰ ਡਿਲੀਵਰੀ 'ਚ ਮਦਦ ਕਰੇਗੀ ਅਤੇ ਸੜਕ ਸੁਰੱਖਿਆ 'ਚ ਵੀ ਵਾਧਾ ਕਰੇਗੀ।


ਇਹ ਤਕਨੀਕ ਟਰੱਕ ਜਾਂਚ ਸਟੇਸ਼ਨ ਵੱਲ ਆਉਂਦੇ ਉੱਚ ਖ਼ਤਰੇ ਵਾਲੇ ਟਰੱਕਾਂ ਦੀ ਪਛਾਣ ਕਰੇਗੀ ਅਤੇ ਆਵਾਜਾਈ ਮੰਤਰਾਲੇ ਦੇ ਤਾਮੀਲੀ ਅਫ਼ਸਰਾਂ ਨੂੰ ਚੌਕਸ ਕਰੇਗੀ ਕਿ ਕਿਹੜੇ ਟਰੱਕ ਨੂੰ ਪੂਰੀ ਜਾਂਚ ਲਈ ਸਟੇਸ਼ਨ 'ਚ ਰੋਕਿਆ ਜਾਵੇ। ਚੰਗੇ ਸੁਰੱਖਿਆ ਰਿਕਾਰਡ ਵਾਲੇ ਟਰੱਕ ਨੂੰ ਲੰਘਣ ਦਿੱਤਾ ਜਾਵੇਗਾ-ਜਿਸ ਨਾਲ ਸਮਾਂ, ਪੈਸਾ ਅਤੇ ਫ਼ਿਊਲ ਦੀ ਬੱਚਤ ਹੋਵੇਗੀ। ਸ਼ੁਰੂਆਤੀ ਪੱਧਰ 'ਚ ਇਸ ਨੂੰ ਚਾਰ ਸਟੇਸ਼ਨਾਂ: ਵਾਈਨਲੈਂਡ, ਪੁਟਨਮ ਦੱਖਣੀ, ਵਿਟਬੀ/ਓਸ਼ਾਵਾ ਅਤੇ ਲੈਂਕੈਸਟਰ 'ਤੇ 2019 ਦੀਆਂ ਗਰਮੀਆਂ ਦੇ ਮੌਸਮ ਤਕ ਪਾਇਲਟ ਪ੍ਰੋਗਰਾਮ ਵਜੋਂ ਚਲਾਇਆ ਜਾਵੇਗਾ।

ਇਸ ਤੋਂ ਇਲਾਵਾ ਲਾਲਾ ਫ਼ੀਤਾਸ਼ਾਹੀ ਨੂੰ ਘੱਟ ਕਰਨ ਵਜੋਂ, ਓਂਟਾਰੀਓ ਨੇ ਪਿੱਛੇ ਜਿਹੇ *ਹਾਈਵੇ ਟਰੈਫ਼ਿਕ ਐਕਟ* 'ਚ ਤਬਦੀਲੀਆਂ ਕਰਨ ਦੀ ਵੀ ਤਜਵੀਜ਼ ਕੀਤੀ ਹੈ ਜਿਸ ਨਾਲ ਕਮਰਸ਼ੀਅਲ ਡਰਾਈਵਰਾਂ ਨੂੰ ਇਲੈਕਟ੍ਰਾਨਿਕ ਕੈਬ ਕਾਰਡ ਰੱਖਣ ਦਾ ਬਦਲ ਮਿਲ ਜਾਵੇਗਾ, ਜਿਸ ਨਾਲ ਡਰਾਈਵਰ ਬਾਰੇ ਜਾਣਕਾਰੀ ਸੌਖੇ ਤਰੀਕੇ ਨਾਲ ਮਿਲ ਸਕੇਗੀ ਅਤੇ ਕਾਗ਼ਜ਼-ਪੱਤਰ ਸੰਭਾਲਣ ਦਾ ਕੰਮ ਵੀ ਘਟੇਗਾ। ਸਾਡਾ ਉਦਯੋਗ ਅਜਿਹੀਆਂ ਪਹਿਲਾਂ ਦਾ ਸਵਾਗਤ ਕਰਦਾ ਹੈ ਜਿਨ੍ਹਾਂ ਨਾਲ ਉਤਪਾਦਕਤਾ ਨੂੰ ਹੁਲਾਰਾ ਮਿਲਦਾ ਹੈ ਅਤੇ ਨਾਲ ਹੀ ਬਚਤ ਵੀ ਹੁੰਦੀ ਹੈ।

ਸ਼ਨਿੱਚਰਵਾਰ, 6 ਅਪ੍ਰੈਲ ਨੂੰ ਮਿਸੀਸਾਗਾ ਵਿਖੇ ਇੰਟਰਨੈਸ਼ਨਲ ਸੈਂਟਰ 'ਚ ਚਿਰਉਡੀਕਵੇਂ '*ਜੌਬਸ ਐਕਸਪੋ*' ਨੌਕਰੀ ਮੇਲੇ 'ਚ ਅਸੀਂ ਤੁਹਾਡੇ ਰਾਹ 'ਚ ਅੱਖਾਂ ਵਿਛਾਈ ਬੈਠੇ ਹਾਂ। ਟਰੱਕਿੰਗ ਅਤੇ ਮਾਲ-ਅਸਬਾਬ ਉਦਯੋਗ 'ਚ ਦਿਲ ਟੁੰਭਵੇਂ ਰੁਜ਼ਗਾਰ ਦੇ ਮੌਕੇ ਭਾਲਣ ਲਈ ਇੱਥ ਆਉਣਾ ਨਾ ਭੁੱਲਿਓ। ਦਾਖ਼ਲਾ ਅਤੇ ਪਾਰਕਿੰਗ ਮੁਫ਼ਤ ਹੈ!



Manan Gupta
ਮਨਨ ਗੁਪਤਾ
@guptamanan




# ENGINEERED *for* EFFICIENCY™

Our ***Engineered for Efficiency***™ philosophy yields some of the most innovative, durable, lightweight and cost-effective suspension systems and components for the global transportation industry. Contact Hendrickson for a total ride solution.

COME SEE US AT EXPO CAM

www.hendrickson-intl.com

HENDRICKSON®

The World Rides On Us®

©2019 Hendrickson USA, L.L.C. All Rights Reserved. All trademarks shown are owned by Hendrickson USA, L.L.C., or one of its affiliates, in one or more countries.

*with Lou Smyrlis*

# Transportation terrific




Follow Lou on Twitter @LouSmyrlis.


*Why it's at the heart of spending for Canadian shippers*

Small and medium sized businesses (companies with less than $100 million in annual revenues) are the heart of Canadian business. And with a country as vast as Canada and the world's largest market across the border transportation is at the heart of their spending. Almost two thirds of Canadian shippers have supply chain budgets over $1M and 6 in 10 are spending over $1M on surface transportation, according to our annual Transportation Buying Trends Survey.


**Canadian shippers estimated annual sales**




**Canadian shippers annual logistics budget**




**Canadian shippers annual transportation spend**




**Portion of Canadian shippers spending over $1M annually on surface transportation**

| | |
|---|---|
| Rail | 84% of respondents |
| Truckload | 81% |
| LTL | 84% |
| Courier | 74% |
| Intermodal | 81% |

**Portion of Canadian shippers employing contracts of one year or less on surface transportation**

| | |
|---|---|
| Rail | 18% of respondents |
| Truckload | 43% |
| LTL | 24% |
| Courier | 13% |
| Intermodal | 22% |

ਖਾਸ ਰਿਪੋਰਟ

## ਕੈਨੇਡਾ ਵਿੱਚ ਟਰੱਕ ਡਰਾਈਵਰਾਂ ਦੀ ਕਿੱਲਤ

# ਕੀ ਇੰਮੀਗਰਾਂਟਾਂ ਹੱਥ ਹੈ ਡੋਰੀ?

*ਜਗਦੀਪ ਕੈਲੇ ਦੀ ਖਾਸ ਰਿਪੋਰਟ*




ਕਹਿੰਦੇ ਹਨ ਕਿ ਡੁੱਬਦੇ ਨੂੰ ਤੀਲੇ ਦਾ ਸਹਾਰਾ ਹੁੰਦਾ ਹੈ। ਇਸ ਅਖਾਉਤ ਦੇ ਸੱਚ ਨੂੰ ਕੈਨੇਡਾ ਵਿੱਚ ਟਰੱਕ ਡਰਾਈਵਰਾਂ ਦੀ ਪਾਈ ਜਾਂਦੀ ਘਾਟ ਦੇ ਪਰੀਪੇਖ ਵਿੱਚ ਕੈਨੇਡੀਅਨ ਟਰੱਕਿੰਗ ਅਲਾਇੰਸ ਦੀ ਜ਼ੁਬਾਨ ਉੱਤੇ ਇੰਮੀਗਰੇਸ਼ਨ ਅਤੇ ਸਿਟੀਜ਼ਨਸ਼ਿੱਪ ਮੰਤਰੀ ਅਹਿਮਦ ਹੁਸੈਨ ਵਾਸਤੇ ਆਏ ਧੰਨਵਾਦੀ ਸ਼ਬਦਾਂ ਤੋਂ ਆਂਕਿਆ ਜਾ ਸਕਦਾ ਹੈ। ਇੰਮੀਗਰੇਸ਼ਨ ਮੰਤਰੀ ਨੇ ਪਿਛਲੇ ਮਹੀਨੇ ਇੱਕ ਪੰਜ ਸਾਲਾ ਰੂਰਲ ਅਤੇ ਉੱਤਰੀ ਇੰਮੀਗਰੇਸ਼ਨ ਪਾਇਲਟ ਪ੍ਰੋਜੈਕਟ ਲਾਗੂ ਕਰਨ ਦਾ ਐਲਾਨ ਕੀਤਾ ਜਿਸ ਤਹਿਤ 3000 ਹਜ਼ਾਰ ਦੇ ਕਰੀਬ ਵੱਖ 2 ਕਿਤਿੱਆਂ ਨਾਲ ਜੁੜੇ ਪ੍ਰੋਫੈਸ਼ਨਲ ਕੈਨੇਡਾ ਦੇ ਦਿਹਾਤੀ ਅਤੇ ਘੱਟ ਵੱਸੋਂ ਵਾਲੇ ਪ੍ਰੋਵਿੰਸਾਂ ਵਿੱਚ ਪਰਮਾਨੈਂਟ ਰੈਜ਼ੀਡੈਂਟਾਂ ਵਜੋਂ ਲਿਆਂਦੇ ਜਾਣ ਦੀ ਯੋਜਨਾ ਹੈ। ਕੈਨੇਡੀਅਨ ਟਰੱਕਿੰਗ ਅਲਾਇੰਸ ਨੂੰ ਚੜ੍ਹੀ ਖੁਸ਼ੀ ਇਸ ਲਈ ਹੀ ਮਾਣ ਨਹੀਂ ਕਿਉਂਕਿ ਇਸ ਪਾਇਲਟ ਪ੍ਰੋਜੈਕਟ ਤਹਿਤ ਲਿਆਂਦੇ ਜਾਣ ਵਾਲੇ ਪ੍ਰੋਫੈਸਲਨਲਾਂ ਦੀ ਲਿਸਟ ਵਿੱਚ ਟਰੱਕ ਡਰਾਈਵਰ ਸ਼ਾਮਲ ਹਨ।

**ਟਰੱਕ ਡਰਾਈਵਰਾਂ ਦੀ ਘਾਟ ਦਾ ਨਾਪਤੋਲ:**

ਸਾਲ 2013 ਵਿੱਚ ਕਾਨਫਰੰਸ ਬੋਰਡ ਆਫ ਕੈਨੇਡਾ ਵੱਲੋਂ 'ਟਰੱਕ ਡਰਾਈਵਰਾਂ ਦੀ ਗਿਣਤੀ ਅਤੇ ਮੰਗ ਵਿੱਚ ਵਕਫਾ ਅਤੇ ਇਸਦਾ ਕੈਨੇਡਾ ਦੀ ਆਰਥਕਤਾ ਉੱਤੇ ਪ੍ਰਭਾਵ' ਨਾਮਕ ਇੱਕ 46 ਪੰਨਿਆਂ ਦੀ ਰਿਪੋਰਟ ਰੀਲੀਜ਼ ਕੀਤੀ ਗਈ ਸੀ। ਰਿਪੋਰਟ ਵਿੱਚ ਅਨੁਮਾਨ ਲਾਇਆ ਗਿਆ ਸੀ ਕਿ 2020 ਵਿੱਚ ਕੈਨੇਡਾ ਵਿੱਚ 25 ਤੋਂ 30 ਹਜ਼ਾਰ ਟਰੱਕ ਡਰਾਈਵਰਾਂ ਦੀ ਕਿੱਲਤ ਹੋਵੇਗੀ। ਅੱਜ ਜਦੋਂ ਅਸੀਂ 2019 ਵਿੱਚ ਪੁੱਜ ਚੁੱਕੇ ਹਾਂ ਤਾਂ ਇੰਡਸਟਰੀ ਮਾਹਰ ਖਾਸ ਕਰਕੇ ਕੈਨੇਡੀਅਨ ਟਰੱਕਿੰਗ ਅਲਾਇੰਸ ਦਾ ਮੰਨਣਾ ਹੈ ਕਿ ਹਕੀਕਤ ਉਸ ਰਿਪੋਰਟ ਦੀ ਭੱਵਿਖਬਾਣੀ ਤੋਂ ਵੀ ਵੱਖਰੀ ਹੈ। 2024 ਤੱਕ ਕੈਨੇਡਾ ਵਿੱਚ ਡਰਾਈਵਰਾਂ ਦੀ ਕਿੱਲਤ 48,000 ਹੋ ਚੁੱਕੀ ਹੋਵੇਗੀ।

**ਗੈਰ-ਸੁਭਾਵਿਕ ਸੀ ਟਰੱਕਿੰਗ ਇੰਡਸਟਰੀ ਦਾ ਕੁਦਰਤ ਦੇ ਨੇਮ ਤੋਂ ਨਿਰਲੇਪ ਰਹਿਣਾ:**

ਕੈਨੇਡਾ ਵਿੱਚ ਟਰੱਕ ਡਰਾਈਵਰਾਂ ਦੀ ਘਾਟ ਦੀ ਸਥਿਤੀ ਉਸ ਬਾਗ ਦਾ ਚੇਤਾ ਕਰਵਾਉਂਦੀ ਹੈ ਜਿਸਦੇ ਮਾਲੀ ਇੱਕ ਤੋਂ ਬਾਅਦ ਇੱਕ ਕਰਕੇ ਲਾਂਭੇ ਹੋਣ ਲੱਗ ਪੈਣ। ਪਿਛਲੀ ਪੀੜ੍ਹੀ ਦੇ ਉਹ ਟਰੱਕ ਡਰਾਈਵਰ ਜਿਹੜੇ ਇਸ ਕਿੱਤੇ ਵਿੱਚ 25 ਤੋਂ 30 ਸਾਲ ਹੱਸ ਕੇ ਲਾ ਦੇਂਦੇ ਸਨ, ਉਹ ਵੱਡੀ ਗਿਣਤੀ ਵਿੱਚ ਉਮਰ ਵਿਹਾਅ ਚੁੱਕੇ ਹਨ। ਮਾਣਮੱਤੇ ਇਨ੍ਹਾਂ ਡਰਾਈਵਰਾਂ ਦੀ ਪੂਰੀ ਦੀ ਪੂਰੀ ਪੀੜ੍ਹੀ ਸੈਕਟਰ ਵਿੱਚੋਂ ਅਲੋਪ ਹੁੰਦੀ ਜਾ ਰਹੀ ਹੈ ਪਰ ਨਵੀਂ ਪੀੜ੍ਹੀ ਦੇ ਕੈਨੇਡੀਅਨ ਨੌਜਵਾਨ ਇਸ ਧੰਦੇ ਨੂੰ ਅਪਨਾਉਣਾ ਪਸੰਦ ਨਹੀਂ ਕਰ ਰਹੇ। ਕੁਦਰਤ ਦਾ ਨੇਮ ਹੈ ਕਿ ਜਦੋਂ ਕਿਸੇ ਕਿਸਮ ਦਾ ਖੱਪਾ ਪੈਦਾ ਹੁੰਦਾ ਹੈ ਤਾਂ ਉਸਦੀ ਪੂਰਤੀ ਲਈ ਉਹ ਕੁੱਝ ਨਵਾਂ ਅਤੇ ਵੱਧ ਨਰੋਆ ਪੇਸ਼ ਕਰ ਦੇਂਦੀ ਹੈ। ਕੈਨੇਡਾ ਵਿੱਚ ਕੁਦਰਤ ਨੇ ਬਦਲ ਲਿਆਂਦਾ ਸਾਊਥ ਏਸ਼ੀਅਨ ਖਾਸ ਕਰਕੇ ਪੰਜਾਬੀ ਟਰੱਕ ਡਰਾਈਵਰਾਂ ਦੇ ਰੂਪ ਵਿੱਚ।

**ਰਹੀ ਵਾਸਤੇ ਘੱਤ ਸਮੇਂ ਇੱਕ ਨਾ ਮੰਨੀ:**

ਭਾਈ ਵੀਰ ਸਿੰਘ ਨੇ 'ਸਮਾਂ' ਨਾਮ ਦੀ ਕਵਿਤਾ ਵਿੱਚ ਜੀਵਨ ਵਿੱਚ ਆਉਣ ਵਾਲੇ ਅਟੁੱਟ ਬਦਲਾਅ ਦੇ ਫਲਸਫੇ ਨੂੰ ਅਧਿਆਤਮਕ ਪੱਖ ਤੋਂ ਪੇਸ਼ ਕੀਤਾ ਸੀ। ਪਰ ਅਜਿਹੇ ਅਮਰ ਫਲਸਫੇ ਵਿਉਪਾਰ ਵਰਗੇ ਆਮ ਵਰਤਾਰਿਆਂ ਉੱਤੇ ਲਾਗੂ ਹੋਣ ਤੋਂ ਕਦੋਂ ਫੇਲ ਹੋਏ ਹਨ? ਅੱਜ ਤੋਂ 20 ਸਾਲ ਪਹਿਲਾਂ ਕੈਨੇਡਾ ਦੇ ਸਮੁੱਚੇ ਟਰਕਿੰਗ ਸੈਕਟਰ ਵਿੱਚ ਸਾਊਥ ਏਸ਼ੀਅਨ ਡਰਾਈਵਰਾਂ ਦੀ ਨਫ਼ਰੀ ਮਹਿਜ਼ 1.8% ਸੀ ਜਿਨ੍ਹਾਂ ਵਿੱਚੋਂ ਬਹੁ-ਗਿਣਤੀ ਵੈਨਕੂਵਰ ਦੇ ਇਰਦ ਗਿਰਦ ਕਾਰਜਰਤ ਸਨ। ਫੇਰ ਭਾਰਤ ਤੋਂ ਪਰਵਾਸੀਆਂ ਖਾਸ ਕਰਕੇ ਪੰਜਾਬੀਆਂ ਦਾ ਵਹੀਰਾਂ ਘੱਤ ਕੇ ਆਉਣਾ ਆਰੰਭ ਹੋਇਆ ਜਿਨ੍ਹਾਂ ਨੇ ਸ਼ਿੱਦਤ ਨਾਲ ਟਰੱਕਿੰਗ ਪ੍ਰੋਫੈਸ਼ਨ ਨੂੰ ਅਪਨਾਇਆ। ਇੱਕ ਕਾਰਣ ਕੈਨੇਡਾ ਦੇ ਸਿਸਟਮ ਦਾ ਉੱਚ ਵਿੱਦਿਆ ਪ੍ਰਾਪਤ ਇੰਮੀਗਰਾਂਟਾਂ ਨੂੰ ਉਨ੍ਹਾਂ ਦੇ ਪ੍ਰੋਫੈਸ਼ਨਲ ਫੀਲਡ ਵਿੱਚ ਰੁਜ਼ਗਾਰ ਦੇਣ ਵਿੱਚ ਅਸਫ਼ਲ ਰਹਿਣਾ ਸੀ। ਡਾਕਟਰ, ਇੰਜੀਨੀਅਰ,



### ਇੰਮੀਗਰਾਂਟਾਂ ਲਈ ਅਵਸਰਾਂ ਦੀ ਘਾਟ ਕਾਰਨ ਕੈਨੇਡੀਅਨ ਆਰਥਕਤਾ ਦਾ ਭਾਰੀ ਨੁਕਸਾਨ - ਰੋਡੈਲ ਰਾਮੋਸ

*ਡਾਇਰੈਕਟਰ, ਪੀਲ ਨਿਊਕਮਰ ਸਟਰੈਟਜੀ ਗਰੁੱਪ (PNSG)*

'ਬਹੁਤ ਸਾਰੇ ਇੰਮੀਗਰਾਂਟ ਆਪਣੇ ਚੁਣੇ ਹੋਏ ਪ੍ਰੋਫੈਸ਼ਨਲ ਫੀਲਡ ਵਿੱਚ ਕੰਮ ਨਹੀਂ ਕਰ ਰਹੇ ਜਿਸਦੇ ਮੁੱਖ ਕਾਰਣ ਉਹਨਾਂ ਲਈ ਪ੍ਰੋਫੈਸ਼ਨਲ ਨੈੱਟਵਰਕਾਂ ਦੀ ਘਾਟ ਅਤੇ ਵਿੱਦਿਆ ਦਾ ਸਹੀ ਮੁਲਾਂਕਣ ਨਾ ਹੋ ਸੱਕਣਾ ਹਨ। 'ਸੀ ਬੀ ਸੀ' ਦੇ ਇੱਕ ਆਰਟੀਕਲ ਮੁਤਾਬਕ ਕੈਨੇਡਾ ਵਿੱਚ 850,000 ਲੋਕੀ ਬੇਰੁਜ਼ਗਾਰ ਜਾਂ ਆਪਣੀ ਯੋਗਤਾ ਤੋਂ ਥੱਲੇ ਕੰਮ ਕਰ ਰਹੇ ਹਨ ਜਿਹਨਾਂ ਵਿੱਚੋਂ 60% ਇੰਮੀਗਰਾਂਟ ਹਨ। ਇਸ ਸਥਿਤੀ ਬਦੌਲਤ ਕੈਨੇਡਾ ਦੀ ਆਰਥਕਤਾ ਨੂੰ ਸਾਲਾਨਾ 17 ਬਿਲੀਅਨ ਡਾਲਰ ਦਾ ਨੁਕਸਾਨ ਹੋ ਰਿਹਾ ਹੈ। ਇੰਮੀਗਰਾਂਟਾਂ ਨੂੰ ਉਨ੍ਹਾਂ ਦੇ ਚੁਣੇ ਹੋਏ ਫੀਲਡ ਵਿੱਚ ਕੰਮ ਕਰਨ ਦੇ ਰਾਹ ਖੋਲਣ ਨਾਲ ਸਾਰਿਆਂ ਨੂੰ ਲਾਭ ਹੁੰਦਾ ਹੈ। ਪ੍ਰੋਫੈਸ਼ਨਲ ਟਰੱਕ ਡਰਾਈਵਿੰਗ ਇੱਕ ਉਹ ਖੇਤਰ ਹੈ ਜਿਸ ਵਿੱਚ ਅਵਸਰ ਮੌਜੂਦ ਹੈ ਜਿਸਤੋਂ ਕਾਫੀ ਇੰਮੀਗਰਾਂਟ ਲਾਭ ਲੈ ਸਕਦੇ ਹਨ।"

ਰੋਡੈਲ ਰਾਮੋਸ (Rodel Ramos) ਨੇ ਅੱਗੇ ਕਿਹਾ, "ਮੈਂ ਇਹ ਵੀ ਸੋਚਦਾ ਹਾਂ ਕਿ ਬਹੁਤ ਸਾਰੇ ਨਵੇਂ ਇੰਮੀਗਰਾਂਟ ਆਪੋ ਆਪਣੇ ਮੁਲਕਾਂ ਵਿੱਚੋਂ ਟਰਾਂਸਪੋਰਟੇਸ਼ਨ ਅਤੇ ਲੌਜਿਸਟਿਕ ਖੇਤਰਾਂ ਦਾ ਅਨੁਭਵ ਲੈ ਕੇ ਹੀ ਕੈਨਡਾ ਆਉਂਦੇ ਹਨ। ਅਜਿਹੇ ਪਰਵਾਸੀਆਂ ਲਈ ਟਰੱਕਿੰਗ ਇੰਡਸਟਰੀ ਵਿੱਚ ਕਈ ਦਿਲ ਲੁਭਾਵਣੇ ਅਵਸਰ ਹੋ ਸਕਦੇ ਹਨ। ਮਿਸਾਲ ਵਜੋਂ ਉਨ੍ਹਾਂ ਲੋਕਾਂ ਦੇ ਬਿਜਨਸਾਂ ਨੂੰ ਮਦਦ ਕਰਨਾ ਜਾਂ ਮਲਕੀਅਤ ਹਾਸਲ ਕਰਨ ਲਈ ਯੋਗ ਮਿਹਨਤ ਕਰਨੀ ਜੋ ਬਜ਼ੁਰਗ ਹੋਣ ਕਾਰਣ ਇਸ ਖੇਤਰ ਨੂੰ ਛੱਡ ਕੇ ਜਾ ਰਹੇ ਹਨ। ਮਹਿਜ਼ ਟਰੱਕ ਚਲਾਉਣ ਤੋਂ ਇਲਾਵਾ ਇਸ ਇੰਡਸਟਰੀ ਵਿੱਚ ਹੋਰ ਬਹੁਤ ਸੰਭਾਵਨਾਵਾਂ ਮੌਜੂਦ ਹਨ।"




ਸਾਇੰਸਦਾਨ ਜਾਂ ਹੋਰ ਵਿਸ਼ਿਆਂ ਦੇ ਮਾਹਰਾਂ ਦੇ ਦਿਲਾਂ ਵਿੱਚ ਕੈਨੇਡਾ ਆ ਕੇ ਤਰੱਕੀ ਕਰਨ ਦੇ ਵੱਡੇ ਸੁਫ਼ਨੇ ਹੁੰਦੇ ਪਰ ਕੈਨੇਡਾ ਦਾ ਸੰਸਥਾਗਤ ਢਾਂਚਾ ਉਨ੍ਹਾਂ ਦੀ ਵਿੱਦਿਆ, ਉੱਚ ਪੱਧਰ ਦੇ ਹੁਨਰਾਂ ਅਤੇ ਅਨੁਭਵਾਂ ਤੋਂ ਪੂਰਾ ਲਾਭ ਨਾ ਲੈ ਸਕਿਆ। ਪੰਜਾਬੀ ਪਰਵਾਸੀਆਂ ਦੇ ਵੱਡੀ ਗਿਣਤੀ ਵਿੱਚ ਟਰੱਕਿੰਗ ਇੰਡਸਟਰੀ ਨੂੰ ਅਪਣਾਉਣ ਪਿੱਛੇ ਮਿਲਣ ਵਾਲੇ ਅੱਛੇ ਖਾਸੇ ਇਵਜ਼ਾਨੇ ਦੇ ਨਾਲ 2 ਇਸ ਧੰਦੇ ਦਾ ਉਨ੍ਹਾਂ ਦੀ ਆਜ਼ਾਦਾਨਾ ਫਿਤਰਤ ਦੇ ਬਹੁਤ ਅਨੁਕੂਲ ਹੋਣਾ ਸੀ। ਟਰੱਕ ਦੇ ਸਟੀਰਿੰਗ ਪਿੱਛੇ ਬੈਠਾ ਪੰਜਾਬੀ ਆਪਣੇ ਆਪ ਨੂੰ ਕਿਸੇ ਰਿਆਸਤ ਦੇ ਨਵਾਬ ਤੋਂ ਘੱਟ ਨਹੀਂ ਸਮਝਦਾ।

**ਅੱਜ ਦੇ ਸੱਚ ਦੀ ਆਰਸੀ:**

18 ਤੋਂ 20 ਬਿਲੀਅਨ ਡਾਲਰ ਦੀ ਗਰੌਸ ਡੋਮੈਸਟਿਕ ਪ੍ਰੋਡਕਟ (GDP) ਵਾਲੇ ਟਰੱਕਿੰਗ ਦੇ ਧੰਦੇ ਦਾ ਪਹੀਆ ਘੁਮਾਉਣ ਵਾਲੀ ਸ਼ਕਤੀ ਦਾ ਖੁਰਾ ਖੋਜ ਲਾਉਣ ਲਈ ਨਿਊਕਾਮ ਮੀਡੀਆ ਗਰੁੱਪ ਵੱਲੋਂ ਕੈਨੇਡਾ ਸਰਕਾਰ ਦੇ ਅੰਕੜਾ ਵਿਭਾਗ ਤੋਂ ਜਾਣਕਾਰੀ ਹਾਸਲ ਕੀਤੀ ਗਈ। ਇਸ ਮੁਤਾਬਕ 2016 ਵਿੱਚ ਕੈਨੇਡਾ ਵਿੱਚ ਹਰ ਪੰਜਵਾਂ ਟਰੱਕ ਡਰਾਈਵਰ ਸਾਊਥ ਏਸ਼ੀਅਨ ਮੂਲ ਦਾ ਹੈ। ਬ੍ਰਿਟਿਸ਼ ਕੋਲੰਬੀਆ ਵਿੱਚ ਹਰ ਤੀਜਾ (34.6%) ਅਤੇ ਓਂਟਾਰੀਓ ਵਿੱਚ ਹਰ ਚੌਥਾ (25.6%) ਟਰੱਕ ਡਰਾਈਵਰ ਸਾਊਥ ਏਸ਼ੀਅਨ ਹੈ।

**ਟਰੱਕਿੰਗ ਇੰਡਸਟਰੀ ਦੀ ਗੁਹਾਰ:**

ਟਰੱਕਿੰਗ ਇੰਡਸਟਰੀ ਦੇ ਹਿੱਤਾਂ ਲਈ ਕੰਮ ਕਰਨ



### ਯੂਨੀਅਨ ਸਾਡੇ ਨਾਲ ਬੈਠ ਕੇ ਗੱਲ ਕਰੇ- ਮਨਦੀਪ ਸੰਧੂ

*ਲੌਂਗਵਿਊ ਲੌਜਿਸਟਿਕਸ, ਵਿੱਨੀਪੈਗ, ਮੈਨੀਟੋਬਾ*

"ਟੀਮਸਟਰ ਯੂਨੀਅਨ ਦੇ ਆਗੂ ਟਰੱਕ ਡਰਾਈਵਰਾਂ ਦੀ ਕਿੱਲਤ ਦੀਆਂ ਹਕੀਕਤਾਂ ਨੂੰ ਨਾ ਸਮਝਣ ਕਾਰਣ ਟੈਂਪਰੇਰੀ ਫੌਰਨ ਵਰਕਰਾਂ ਨੂੰ ਬੁਲਾਉਣ ਦਾ ਵਿਰੋਧ ਕਰ ਰਹੇ ਹਨ। ਜੇ ਯੂਨੀਅਨ ਨੇ ਸੱਚ ਜਾਨਣਾ ਹੈ ਤਾਂ ਸਾਡੇ ਨਾਲ ਬੈਠ ਕੇ ਗੱਲ ਕਰ ਸਕਦੇ ਹਨ।" ਮਨਦੀਪ ਸੰਧੂ ਨੇ ਇਹ ਸ਼ਬਦ ਟੀਮਸਟਰ ਯੂਨੀਅਨ ਦੇ ਨੈਸ਼ਨਲ ਪ੍ਰੈਜ਼ੀਡੈਂਟ ਫਰਾਂਸੁਆ ਲਾਪੋਰਟ (François Laporte) ਦੇ ਉਸ ਬਿਆਨ ਦੇ ਪ੍ਰਤੀਕਰਮ ਵਜੋਂ ਆਖੇ ਜਿਸ ਵਿੱਚ ਫਰਾਂਸੁਆ ਨੇ ਫੌਰਨ ਟਰੱਕ ਡਰਾਈਵਰਾਂ ਨੂੰ ਮੰਗਵਾਉਣ ਦੀ ਸੰਗਿਆ 'Sweat Shops' ਖੋਲਣ ਨਾਲ ਦਿੱਤੀ ਸੀ।

"ਜੇ ਤੁਸੀਂ ਟਰੱਕ ਡਰਾਈਵਰਾਂ ਦੀ ਘਾਟ ਬਾਰੇ ਅੰਦਾਜ਼ਾ ਲਾਉਣਾ ਹੈ ਤਾਂ ਤੁਹਾਨੂੰ ਕੋਈ ਵੱਡੇ ਪੱਧਰ ਦੀ ਰੀਸਰਚ ਕਰਨ ਦੀ ਲੋੜ ਨਹੀਂ ਸਗੋਂ ਚੰਦ ਮਿੰਟ ਬਿਤਾ ਕੇ KIJIJI ਅਤੇ Indeed ਵਰਗੀਆਂ ਵੈੱਬਸਾਈਟਾਂ ਉੱਤੇ ਜਾ ਕੇ ਵੇਖਿਆ ਜਾ ਸਕਦਾ ਹੈ ਕਿ ਟਰੱਕ ਡਰਾਈਵਰ ਪੁਜ਼ੀਸ਼ਨਾਂ ਲਈ ਕਿੰਨੇ ਲੋਕ ਅਪਲਾਈ ਕਰਦੇ ਹਨ ਅਤੇ ਅਪਲਾਈ ਕਰਨ ਵਾਲਿਆਂ ਵਿੱਚ ਕਿੰਨੇ ਕੁ ਹਨ ਜੋ ਅਸਲ ਵਿੱਚ ਟਰੱਕ ਡਰਾਈਵਰ ਬਣਨ ਦੀ ਯੋਗਤਾ ਰੱਖਦੇ ਹਨ। ਯੂਨੀਅਨ ਅਤੇ ਸਰਕਾਰ ਨੂੰ ਸਮਝਣਾ ਹੋਵੇਗਾ ਕਿ ਟਰੱਕਿੰਗ ਇੰਡਸਟਰੀ ਦੀਆਂ ਲੋੜਾਂ ਸਿੱਧੇ ਤੌਰ ਉੱਤੇ ਕੈਨੇਡਾ ਦੀਆਂ ਆਰਥਕਤਾ ਚੁਣੌਤੀਆਂ ਨਾਲ ਜੁੜੀਆਂ ਹੋਈਆਂ ਹਨ। ਟਰੱਕਿੰਗ ਉਹ ਬਿਜਨਸ ਹੈ ਜੋ ਸੜਕਾਂ ਦੇ ਔਖੇ ਪੈਂਡੇ ਸਾਧ ਕੇ ਕੈਨੇਡੀਅਨਾਂ ਨੂੰ ਸੁਖ ਸੁਵਿਧਾ ਪ੍ਰਦਾਨ ਕਰਦਾ ਹੈ ਪਰ ਇਸ ਇੰਡਸਟਰੀ ਨੂੰ ਦਰਪੇਸ਼ ਦਿੱਕਤਾਂ ਦਾ ਦਰਦ ਬਹੁਤ ਘੱਟ ਲੋਕਾਂ ਨੂੰ ਪਤਾ ਹੈ? ਥੋੜਾ ਸਮਾਂ ਪਹਿਲਾਂ ਤੱਕ ਮੈਨੀਟੋਬਾ ਵਿੱਚ ਡਰਾਈਵਰਾਂ ਨੂੰ ਇਵਜਾਨਾ 22 ਸੈਂਟ ਪ੍ਰਤੀ ਕਿਲੋਮੀਟਰ ਦੇ ਹਿਸਾਬ ਦਿੱਤਾ ਜਾਂਦਾ ਸੀ ਜੋ ਵੱਧ ਕੇ 30 ਸੈਂਟ ਪ੍ਰਤੀ ਕਿਲੋਮੀਟਰ ਤੱਕ ਜਾ ਪੁੱਜਾ ਹੈ। ਸਾਡਾ ਇਤਰਾਜ਼ ਡਰਾਈਵਰਾਂ ਨੂੰ ਦਿੱਤੇ ਜਾਣ ਵਾਲੇ ਰੇਟ ਬਾਰੇ ਨਹੀਂ ਹੈ ਪਰ ਇਹ ਗੱਲ ਵੀ ਧਿਆਨ ਮੰਗਦੀ ਹੈ ਕਿ ਲੋਡ ਚੁੱਕਣ ਦੇ ਰੇਟਾਂ ਵਿੱਚ ਲਗਾਤਾਰ ਆ ਰਹੀ ਕਮੀ ਅਤੇ ਫ਼ਿਊਲ ਦੇ ਭਾਅ ਨਿੱਤ ਦਿਨ ਵੱਧਦੀਆਂ ਕੀਮਤਾਂ ਦਾ ਖਾਮਿਆਜ਼ਾ ਕੌਣ ਭੁਗਤਦਾ ਹੈ?"



### ਪਰਵਾਸੀਆਂ ਦੇ ਹੁਨਰਾਂ ਨੂੰ ਕੈਨੇਡੀਅਨ ਮਾਰਕੀਟ ਦੀਆਂ ਜਰੂਰਤਾਂ ਨਾਲ ਮੇਲਣ ਦੀ ਲੋੜ- ਹਰਮਨ ਢਿੱਲੋਂ

*ਸਟਾਰ ਇੰਮੀਗਰੇਸ਼ਨ ਕਨਸਲਟੈਂਸੀ, ਬਰੈਂਪਟਨ*

"ਜੇ ਟਰੱਕਿੰਗ ਇੰਡਸਟਰੀ ਵਿੱਚ ਪੈਦਾ ਹੋਈ ਲੋੜ ਅਤੇ ਕੈਨੇਡਾ ਆ ਰਹੇ ਪਰਵਾਸੀਆਂ ਦੇ ਹੁਨਰਾਂ (Skill-set) ਦਾ ਮੁਲਾਂਕਣ ਕੀਤਾ ਜਾਵੇ ਤਾਂ ਇੱਕ ਗੱਲ ਸਾਫ਼ ਨਜ਼ਰ ਆਉਂਦੀ ਹੈ ਕਿ ਦੋਵਾਂ ਵਿਚਕਾਰ ਤਾਲਮੇਲ ਦੀ ਵੱਡੀ ਘਾਟ ਹੈ ਜਿਸ ਵਾਸਤੇ ਸਰਕਾਰ ਨੂੰ ਪਾਲਸੀ ਪੱਧਰ ਉੱਤੇ ਕੰਮ ਕਰਨ ਦੀ ਲੋੜ ਹੈ। ਸਾਡੇ ਕੋਲ ਕਈ ਇੰਮਪਲਾਇਰਾਂ ਦੇ ਸੁਆਲ ਆਉਂਦੇ ਹਨ ਜੋ ਆਪਣੀਆਂ ਟਰੱਕਿੰਗ ਕੰਪਨੀਆਂ ਲਈ ਭਾਰਤ ਜਾਂ ਹੋਰ ਮੁਲਕਾਂ ਤੋਂ ਟਰੱਕ ਡਰਾਈਵਰ ਮੰਗਵਾਉਣਾ ਚਾਹੁੰਦੇ ਹਨ ਪਰ ਫੈਡਰਲ ਦੇ ਸਕਿੱਲਡ ਵਰਕਰ ਅਤੇ ਓਂਟਾਰੀਓ ਦੇ ਪ੍ਰੋਵਿੰਸ਼ੀਅਲ ਨੌਮੀਨੀ ਪ੍ਰੋਗਰਾਮ ਵਿੱਚ ਹਾਲੇ ਅਜਿਹਾ ਕੋਈ ਪ੍ਰਵਧਾਨ ਨਹੀਂ ਜਿਸ ਰਾਹੀਂ ਇਸ ਲੋੜ ਨੂੰ ਪੂਰਾ ਕੀਤਾ ਜਾ ਸਕੇ। ਅਸੀਂ ਓਂਟਾਰੀਓ ਦੀਆਂ ਕਈ ਕੰਪਨੀਆਂ ਨੂੰ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਤਹਿਤ ਟਰੱਕ ਡਰਾਈਵਰ ਮੰਗਵਾਉਣ ਵਿੱਚ ਮਦਦ ਕਰਦੇ ਹਾਂ। ਕਿਉਂਕਿ ਇਹ ਦਾਖ਼ਲਾ ਟੈਂਪਰੇਰੀ ਫੌਰਨ ਵਰਕਰਾਂ ਲਈ ਪਰਮਾਨੈਂਟ ਰੈਜ਼ੀਡੈਂਟ ਬਣਨ ਦਾ ਰਾਹ ਨਹੀਂ ਖੋਲਦਾ ਜਿਸ ਕਾਰਣ ਇਹ ਪ੍ਰੋਗਰਾਮ ਪਰਵਾਸੀ ਪਰਿਵਾਰਾਂ ਲਈ ਓਂਟਾਰੀਓ ਵਿੱਚ ਬਿਹਤਰ ਜੀਵਨ ਦੇ ਉਦੇਸ਼ ਦੀ ਪੂਰਤੀ ਤੋਂ ਕਿਤੇ ਛੋਟਾ ਰਹਿ ਜਾਂਦਾ ਹੈ।"



### ਵਿਦੇਸ਼ਾਂ ਤੋਂ ਟਰੱਕ ਡਰਾਈਵਰ ਮੰਗਵਾਉਣ ਲਈ ਸਪੈਸ਼ਲ ਪ੍ਰੋਗਰਾਮ ਲਾਗੂ ਕਰਨ ਦੀ ਲੋੜ- ਸਟੀਫਨ ਲੈਸਕੋਅਸਕੀ

*ਪ੍ਰੈਜ਼ੀਡੈਂਟ, ਕੈਨੇਡੀਅਨ ਟਰੱਕਿੰਗ ਅਲਾਇੰਸ ਅਤੇ ਓਂਟਾਰੀਓ ਟਰੱਕਿੰਗ ਐਸੋਸੀਏਸ਼ਨ (OTA)*

"ਵੱਡੀ ਸਮੱਸਿਆ ਹੈ ਕਿ ਓਂਟਾਰੀਓ ਵਿੱਚ ਪ੍ਰੋਵਿੰਸ਼ੀਅਲ ਨੌਮੀਨੀ ਪ੍ਰੋਗਰਾਮ ਵਿੱਚ ਟਰੱਕ ਡਰਾਈਵਰ ਸ਼ਾਮਲ ਨਹੀਂ ਕੀਤੇ ਗਏ ਹਨ ਜਿਸਨੂੰ ਦਰੁਸਤ ਕਰਨ ਲਈ ਅਸੀਂ ਓਂਟਾਰੀਓ ਸਰਕਾਰ ਕੋਲ ਚਾਰਾਜੋਈ ਕਰ ਰਹੇ ਹਾਂ। ਓਂਟਾਰੀਓ ਟਰੱਕਿੰਗ ਐਸੋਸੀਏਸ਼ਨ ਚਾਹੁੰਦੀ ਹੈ ਕਿ ਫੈਡਰਲ ਸਰਕਾਰ ਵੱਲੋਂ ਹਾਲ ਵਿੱਚ ਹੀ ਐਲਾਨੇ ਗਏ ਖੇਤੀਬਾੜੀ ਅਤੇ ਕਨਸਟਰਕਸ਼ਨ ਇੰਡਸਟਰੀ ਲਈ ਨਵੇਂ ਪਾਇਲਟ ਪ੍ਰੋਜੈਕਟ ਦੀ ਤਰਜ਼ ਉੱਤੇ ਟਰੱਕ ਡਰਾਈਵਰਾਂ ਨੂੰ ਬਾਹਰੋਂ ਮੰਗਵਾਉਣ ਲਈ ਵੀ ਨਵਾਂ ਪਾਇਲਟ ਹੋਂਦ ਵਿੱਚ ਲਿਆਂਦਾ ਜਾਵੇ। ਫੈਡਰਲ ਪੱਧਰ ਉੱਤੇ LMIA ਪ੍ਰਕਿਰਿਆ ਨੂੰ ਹੋਰ ਸਰਲ ਬਣਾਉਣ ਦੀ ਵੀ ਲੋੜ ਹੈ। ਸਰਕਾਰ ਨੂੰ ਆਪਣਾ ਧਿਆਨ ਟੈਂਪਰੇਰੀ ਫੌਰਨ ਵਰਕਰ ਮੰਗਵਾਉਣ ਵਿੱਚ ਅਫ਼ਸਰਸ਼ਾਹੀ ਵੱਲੋਂ ਪੈਦਾ ਕੀਤੀਆਂ ਰੁਕਾਵਟਾਂ ਨੂੰ ਦੂਰ ਕਰਨ ਵੱਲ ਦੇਣਾ ਚਾਹੀਦਾ ਹੈ।"

ਸਟੀਫਨ ਲੈਸਕੋਅਸਕੀ (Stephen Laskowski) ਮੁਤਾਬਕ "ਵਿਦੇਸ਼ਾਂ ਤੋਂ ਟਰੱਕ ਡਰਾਈਵਰ ਮੰਗਵਾਉਣ ਦੀਆਂ ਚਾਹਵਾਨ ਕੰਪਨੀਆਂ ਲਈ ਸਰਕਾਰ ਉੱਚ ਪੱਧਰੀ ਨੀਯਮ ਹੋਂਦ ਵਿੱਚ ਲਿਆਵੇ ਤਾਂ ਜੋ ਸੜਕ ਸੁਰੱਖਿਆ ਅਤੇ ਮੁਲਾਜ਼ਮਾਂ ਦੇ ਹੱਕਾਂ ਸਹੀ ਪੈਰਵਾਈ ਯਕੀਨੀ ਹੋ ਸਕੇ। ਸਾਡਾ ਯਕੀਨ ਹੈ ਕਿ ਸਹੀ ਸਿਖਲਾਈ ਅਤੇ ਲੇਬਰ ਕਨੂੰਨਾਂ ਦੀ ਪਾਲਣਾ ਕਰਨ ਵਾਲੀਆਂ ਕੰਪਨੀਆਂ ਵੱਲੋਂ ਇੰਮੀਗਰਾਂਟ ਟਰੱਕ ਡਰਾਈਵਰ ਬੁਲਵਾਉਣਾ ਸਹੀ ਕਦਮ ਹੋਵੇਗਾ।"

ਵਾਲੀਆਂ ਜੱਥੇਬੰਦੀਆਂ ਕੈਨੇਡੀਅਨ ਟਰੱਕਿੰਗ ਅਲਾਇੰਸ ਅਤੇ ਓਂਟਾਰੀਓ ਟਰੱਕਿੰਗ ਐਸੋਸੀਏਸ਼ਨ ਟਰੱਕ ਡਰਾਈਵਰਾਂ ਦੀ ਕਿੱਲਤ ਨੂੰ ਪੂਰਾ ਕਰਨ ਲਈ ਆਸ ਉਸ ਸ੍ਰੋਤ ਭਾਵ ਪਰਵਾਸੀਆਂ ਉੱਤੇ ਲਾਈ ਬੈਠੀਆਂ ਹਨ ਜਿਨ੍ਹਾਂ ਦਾ ਇਸ ਇੰਡਸਟਰੀ ਵਿੱਚ ਪਸਾਰਾ ਜੱਗ ਜਾਹਰ ਹੋ ਚੁੱਕਾ ਹੈ। ਉਹ ਹਰ ਸੰਭਵ ਪਲੇਟਫਾਰਮ ਉੱਤੇ ਸਰਕਾਰ ਕੋਲੋਂ ਮੰਗ ਕਰ ਰਹੀਆਂ ਹਨ ਕਿ ਕੈਨੇਡਾ ਨੂੰ ਟਰੱਕ ਡਰਾਈਵਰਾਂ ਦੇ ਪਰਮਾਨੈਂਟ ਰੈਜ਼ੀਡੈਂਟ ਅਤੇ ਟੈਂਪਰੇਰੀ ਫੌਰਨ ਵਰਕਰਾਂ ਵਜੋਂ ਆਉਣ ਦੇ ਰਾਹ ਮੋਕਲੇ ਕੀਤੇ ਜਾਣ ਦੀ ਲੋੜ ਹੈ। ਕੈਨੇਡੀਅਨ ਟਰੱਕਿੰਗ ਅਲਾਇੰਸ ਦੇ ਪ੍ਰੈਜ਼ੀਡੈਂਟ ਸਟੀਫਨ ਲਾਕੋਵਸਕੀ ਦਾ ਆਖਣਾ ਹੈ ਕਿ ਫੈਡਰਲ ਅਤੇ ਪ੍ਰੋਵਿੰਸ਼ੀਅਲ ਸਰਕਾਰਾਂ ਨੂੰ ਟਰੱਕਿੰਗ ਇੰਡਸਟਰੀ ਨੂੰ ਧਿਆਨ ਵਿੱਚ ਰੱਖ ਕੇ ਨਵੇਂ ਇੰਮੀਗਰਾਂਟ ਪ੍ਰੋਗਰਾਮ ਲਾਗੂ ਕਰਨ ਦੀ ਫੌਰੀ ਲੋੜ ਹੈ। ਓਂਟਾਰੀਓ ਟਰੱਕਿੰਗ ਐਸੋਸੀਏਸ਼ਨ ਨੇ ਟਰੱਕ ਡਰਾਈਵਰ ਕਿੱਤੇ ਨੂੰ ਪ੍ਰੋਵਿੰਸ਼ੀਅਲ ਨੌਮੀਨੀ ਪ੍ਰੋਗਰਾਮ ਦੇ ਦਾਇਰੇ ਵਿੱਚ ਲਿਆਉਣ ਲਈ ਓਂਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਕੋਲ ਵਿਸ਼ੇਸ਼ ਪਹੁੰਚ ਕੀਤੀ ਹੈ।

**ਓਂਟਾਰੀਓ ਵਿੱਚ ਹੋ ਰਹੀ ਹਿੱਲਜੁਲ:**

ਕੈਨੇਡਾ ਸਰਕਾਰ ਦੇ ਅੰਕੜਾ ਵਿਭਾਗ ਦੇ 2017 ਦੇ ਅੰਕੜਿਆਂ ਮੁਤਾਬਕ ਓਂਟਾਰੀਓ ਪ੍ਰੋਵਿੰਸ ਕੈਨੇਡਾ ਦੀ ਆਰਥਕਤਾ ਵਿੱਚ 38.63% ਹਿੱਸਾ ਪਾਉਂਦਾ ਹੈ। ਬੇਸ਼ੱਕ ਇਸ ਭਾਰੀ ਆਰਥਕਤਾ ਦਾ ਪਹੀਆ ਵੱਡੀ ਹੱਦ ਤੱਕ ਟਰੱਕਾਂ ਦੁਆਰਾ ਕੀਤੀ ਜਾਂਦੀ ਢੋਆ ਢੁਆਈ ਸਹਾਰੇ ਘੁੰਮਦਾ ਹੈ ਪਰ ਓਂਟਾਰੀਓ ਸਰਕਾਰ ਟਰੱਕ ਡਰਾਈਵਰਾਂ ਦੀ ਥੋੜ ਨੂੰ ਅੰਤਰਰਾਸ਼ਟਰੀ ਮੰਡੀ ਵਿੱਚੋਂ ਪੂਰਾ ਕਰਨ ਦੇ ਮਾਮਲੇ ਵਿੱਚ ਤਕਰੀਬਨ ਸੁੱਤੀ ਹੀ ਰਹੀ ਹੈ। ਸ਼ੁਕਰ ਹੈ ਕਿ ਹੁਣ ਖੇਮਿਆਂ ਵਿੱਚ ਕੁੱਝ ਹਿੱਲਜੁਲ ਹੁੰਦੀ ਵਿਖਾਈ ਦੇ ਰਹੀ ਹੈ। *ਰੋਡ ਟੂਡੇ* ਵੱਲੋਂ ਮੰਗੀ ਜਾਣਕਾਰੀ ਦੇ ਜਵਾਬ ਵਿੱਚ ਓਂਟਾਰੀਓ ਦੇ ਆਰਥਕ ਵਿਕਾਸ ਅਤੇ ਟਰੇਡ ਮਹਿਕਮੇ ਨੇ ਪੁਸ਼ਟੀ ਕੀਤੀ ਹੈ ਕਿ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਫੈਡਰਲ ਸਰਕਾਰ ਨਾਲ ਮਿਲ ਕੇ ਅਜਿਹੇ ਕਦਮ ਚੁੱਕਣ ਦੇ ਯਤਨ ਕੀਤੇ ਜਾ ਰਹੇ ਹਨ ਜਿਸ ਨਾਲ ਟਰੱਕਿੰਗ ਕੰਪਨੀਆਂ ਨੂੰ ਕੌਮੀ ਅਤੇ ਕੌਮਾਂਤਰੀ ਮੰਡੀ ਵਿੱਚੋਂ ਮੁਲਾਜ਼ਮ ਭਰਤੀ ਕਰਨ ਵਿੱਚ ਮਦਦ ਮਿਲੇਗੀ। ਸਰਕਾਰੀ ਬੁਲਾਰੇ ਵੌਕ ਕੌਂਗ (Kwok Kong) ਨੇ ਪ੍ਰੋਵਿੰਸ਼ੀਅਲ ਨੌਮੀਨੀ ਪ੍ਰੋਗਰਾਮ ਵਿੱਚ ਤਬਦੀਲੀਆਂ ਕਰਨ ਲਈ ਮਹਿਕਮੇ ਵਿੱਚ ਹੋ ਰਹੀ ਗੱਲਬਾਤ ਦਾ ਵੀ ਇਸ਼ਾਰਾ ਕੀਤਾ ਹੈ। ਪਰ ਸਰਕਾਰ ਦੇ ਵਾਅਦਿਆਂ ਦੇ ਊਠ ਦਾ ਬੁੱਲ ਕਦੋਂ ਡਿੱਗੇਗਾ ਇਸ ਬਾਰੇ ਕੁੱਝ ਵੀ ਆਖਣਾ ਸਹੀ ਨਹੀਂ ਹੋਵੇਗਾ।

**ਯੂਨੀਅਨ ਦਾ ਰੇੜਕਾ:**

ਵਿਦੇਸ਼ਾਂ ਤੋਂ ਟਰੱਕ ਡਰਾਈਵਰਾਂ ਨੂੰ ਵੱਧ ਗਿਣਤੀ ਵਿੱਚ ਬੁਲਾਉਣ ਬਾਬਤ ਜਿਸ ਵੇਲੇ ਸਮੁੱਚੇ ਕੈਨੇਡਾ ਭਰ ਵਿੱਚ ਸਰਕਾਰ ਤੋਂ ਲੈ ਕੇ ਇੰਡਸਟਰੀ ਲੀਡਰਾਂ ਤੱਕ ਇੱਕ ਕਿਸਮ ਦੀ ਸਹਿਮਤੀ ਬਣ ਚੁੱਕੀ ਜਾਪਦੀ ਹੈ ਤਾਂ ਟਰੱਕ ਡਰਾਈਵਰਾਂ ਦੇ ਹਿੱਤਾਂ ਦੀ ਪੂਰਤੀ ਕਰਨ ਲਈ ਕੰਮ ਕਰਨ ਵਾਲੀ 'ਟੀਮਸਟਰ ਯੂਨੀਅਨ' ਵੱਲੋਂ ਅਜਿਹੇ ਕਿਸੇ ਵੀ ਯਤਨ ਦਾ ਸਖ਼ਤ ਵਰੋਧ ਕੀਤਾ ਜਾ ਰਿਹਾ ਹੈ। ਟੀਮਸਟਰ ਕੈਨੇਡਾ ਦੇ ਪ੍ਰੈਜ਼ੀਡੈਂਟ ਫਰਾਂਸੁਆ ਲਾਪੋਰਟ ਨੇ ਕੈਨੇਡੀਅਨ ਕੰਪਨੀਆਂ ਲਈ ਵਿਦੇਸ਼ੀ ਟਰੱਕ ਡਰਾਈਵਰਾਂ (ਟੈਂਪਰੇਰੀ ਫੌਰਨ ਵਰਕਰ) ਦੇ ਕੰਮ ਕਰਨ ਨੂੰ 'Sweat Shops' ਨਾਲ ਸੰਗਿਆ ਦਿੱਤੀ ਹੈ। 'Sweat Shops' ਸ਼ਬਦ ਉਸ ਵਰਤਾਰੇ ਲਈ ਵਰਤਿਆ ਜਾਂਦਾ ਹੈ ਜਿਸ ਵਿੱਚ ਬਿਜਨਸ ਮਾਲਕਾਂ ਵੱਲੋਂ ਵਰਕਰਾਂ ਦਾ ਸੋਸ਼ਣ ਕੀਤਾ ਜਾਂਦਾ ਹੈ। ਮਾਲਕਾਂ ਵੱਲੋਂ ਵਰਕਰਾਂ ਦੇ ਕੀਤੇ ਜਾਂਦੇ ਸੋਸ਼ਣ ਦੇ ਪਰੀਪੇਖ ਵਿੱਚ ਇਹ ਇੱਕ ਨਿੰਦਣਯੋਗ ਸ਼ਬਦ ਹੈ। ਭਾਰਤ, ਬੰਗਲਾਦੇਸ਼, ਪਾਕਿਸਤਾਨ ਅਤੇ ਚੀਨ ਸਮੇਤ ਕਈ ਦੇਸ਼ਾਂ ਦੀਆਂ ਬਹੁਤ ਸਾਰੀਆਂ ਕੰਪਨੀਆਂ ਉੱਤੇ 'Sweat Shops' ਖੋਲ੍ਹਣ ਦੇ ਇਲਜ਼ਾਮ ਅਕਸਰ ਲੱਗਦੇ ਹਨ।

**ਹੱਲ ਕੀ ਹੋਵੇ:**

*ਰੋਡ ਟੂਡੇ* ਨੂੰ ਟਰੱਕਿੰਗ ਇੰਡਸਟਰੀ, ਨਵੇਂ ਪਰਵਾਸੀਆਂ ਲਈ ਕੰਮ ਕਰਨ ਵਾਲੇ ਗਰੁੱਪਾਂ, ਇੰਮੀਗਰੇਸ਼ਨ ਸਲਾਹਕਾਰਾਂ, ਵਰਕਰ ਯੂਨੀਅਨਾਂ ਅਤੇ ਸਰਕਾਰੀ ਅਦਾਰਿਆਂ ਸਮੇਤ ਵੱਖ 2 ਮਾਹਰਾਂ ਨਾਲ




**ਫਰਾਂਸੁਆ ਲਾਪੋਰਟ François Laporte**

ਗੱਲਬਾਤ ਕਰਨ ਤੋਂ ਬਾਅਦ ਪ੍ਰਭਾਵ ਮਿਲਿਆ ਹੈ ਕਿ ਟਰੱਕ ਡਰਾਈਵਰਾਂ ਦੀ ਘਾਟ ਬਾਰੇ ਜਾਣਕਾਰੀ ਦੀ ਕੋਈ ਘਾਟ ਨਹੀਂ ਹੈ ਪਰ ਸਮੱਸਿਆ ਦੇ ਹੱਲ ਲਈ ਠੋਸ ਸੁਝਾਅ ਕਿਸੇ ਕੋਲ ਵੀ ਨਹੀਂ ਹੈ। ਸੁਆਲ ਉੱਠਦਾ ਹੈ ਕਿ ਕੀ ਸਮੱਸਿਆ ਦਾ ਹੱਲ ਸਿਰਫ਼ ਪਰਵਾਸੀਆਂ ਨੂੰ ਵੱਧ ਗਿਣਤੀ ਵਿੱਚ ਬੁਲਾਉਣਾ ਹੈ ਜਾਂ ਟਰੱਕ ਡਰਾਈਵਰਾਂ ਨੂੰ ਵੱਧ ਤਨਖਾਹਾਂ ਅਤੇ ਸਹੂਲਤਾਂ ਦੇਣਾ ਹੈ ਜਿਵੇਂ ਕਿ ਯੂਨੀਅਨ ਵੱਲੋਂ ਆਖਿਆ ਜਾ ਰਿਹਾ ਹੈ ? ਕੀ ਡਰਾਈਵਰਾਂ ਤੋਂ ਬਿਨਾ ਤਕਨਾਲੋਜੀ ਸਹਾਰੇ ਚੱਲਣ ਵਾਲੇ ਟਰੱਕ (Driverless trucks) ਇਸ ਮਰਜ਼ ਦੀ ਦਵਾ ਬਣਨਗੇ ? ਇਹ ਸੁਆਲ ਹਨ ਜਿਨ੍ਹਾਂ ਬਾਰੇ ਇੰਡਸਟਰੀ, ਸਰਕਾਰ, ਯੂਨੀਅਨਾਂ ਅਤੇ ਐਸੋਸੀਏਸ਼ਨਾਂ ਸਮੇਤ ਸਾਰਿਆਂ ਨੂੰ ਇੱਕਠਿਆਂ ਹੋ ਕੇ ਸੋਚਣਾ ਪਵੇਗਾ।

ਡਰਾਈਵਰਾਂ ਦੀ ਕਿੱਲਤ ਕੈਨੇਡਾ ਦੀ ਸਾਊਥ ਏਸ਼ੀਅਨ ਟਰੱਕਿੰਗ ਇੰਡਸਟਰੀ ਲਈ ਵੀ ਸੁਆਲ ਖੜ੍ਹਾ ਕਰਦੀ ਹੈ ਕਿ ਜਿਵੇਂ ਨਵੀਂ ਪੀੜ੍ਹੀ ਦੀ ਇਸ ਪ੍ਰੋਫੈਸ਼ਨ ਵਿੱਚ ਰੁਚੀ ਕਾਰਣ ਅੱਜ ਕੈਨੇਡਾ ਦੀ ਮੇਨਸਟਰੀਮ ਟਰੱਕਿੰਗ ਇੰਡਸਟਰੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਕੀ ਅਸੀਂ ਆਖ ਸਕਦੇ ਹਾਂ ਕਿ ਇਹ ਕੌੜਾ ਸੱਚ ਅੱਜ ਜਾਂ ਭਲਕ ਕੈਨੇਡਾ ਦੀ ਸਾਊਥ ਏਸ਼ੀਅਨ ਟਰੱਕਿੰਗ ਇੰਡਸਟਰੀ ਉੱਤੇ ਲਾਗੂ ਨਹੀਂ ਹੋਵੇਗਾ ? RT



## ਵਿਦੇਸ਼ਾਂ ਤੋਂ ਟਰੱਕ ਮੰਗਵਾਉਣੇ ਸਮੱਸਿਆ ਦਾ ਹੱਲ ਨਹੀਂ ਹੈ- ਜੌਨ ਮੈਕੈਨ

*ਨੈਸ਼ਨਲ ਡਾਇਰੈਕਟਰ, ਟੀਮਸਟਰ ਕੈਨੇਡਾ ਫਰੇਟ ਐਂਡ ਟੈਂਕ ਹਾਲ ਡਿਵੀਜ਼ਨ*

"ਸਾਡੀ ਸਮਝ ਵਿੱਚ ਸਮੱਸਿਆ ਡਰਾਈਵਰਾਂ ਦੀ ਕਿੱਲਤ ਦੀ ਨਹੀਂ ਸਗੋਂ ਉਨ੍ਹਾਂ ਨੂੰ ਭਰਤੀ ਕਰਨ ਅਤੇ ਉਨ੍ਹਾਂ ਨੂੰ ਜੌਬ ਵਿੱਚ ਰੱਖਣ ਦੀ ਹੈ।


ਸਾਰੇ ਟਰੱਕ ਵਾਲਿਆਂ ਨੂੰ ਇੱਕੋ ਜਿਹੀਆਂ ਚੁਣੌਤੀਆਂ ਹੁੰਦੀਆਂ ਹਨ ਪਰ ਸਾਨੂੰ ਇੱਕ ਗੱਲ ਸਪੱਸ਼ਟ ਹੈ ਕਿ ਕਈਆਂ ਲਈ (ਖਾਸ ਵਰਗ ਦੇ) ਹਾਲਾਤ ਹੋਰਾਂ ਨਾਲੋਂ ਬਹੁਤ ਬਦਤਰ ਹੁੰਦੇ ਹਨ। ਕੈਨੇਡਾ ਵਿੱਚ ਪਹਿਲੀ ਪੀੜ੍ਹੀ ਦੇ ਇੰਮੀਗਰਾਂਟ ਵਰਕਰ ਕੈਨੇਡਾ ਦੇ ਜੰਮਪਲ ਸਾਥੀਆਂ ਨਾਲੋਂ 16% ਘੱਟ ਕਮਾਈ ਕਰਦੇ ਹਨ। ਟਰੱਕਿੰਗ ਇੰਡਸਟਰੀ ਵਿੱਚ ਵੀ ਸਥਿਤੀ ਕੋਈ ਵੱਖਰੀ ਨਹੀਂ ਹੈ।


ਜ਼ਿਆਦਾਤਰ ਟਰੱਕ ਡਰਾਈਵਰਾਂ ਨੂੰ, ਉਹ ਇੰਮੀਗਰਾਂਟ ਹੋਣ ਜਾਂ ਨਾ, ਗੁਜ਼ਾਰਾ ਕਰਨ ਲਈ ਹਫ਼ਤੇ ਵਿੱਚ 60 ਘੰਟੇ ਤੱਕ ਕੰਮ ਕਰਨਾ ਪੈਂਦਾ ਹੈ। 'ਜਸਟ ਇਨ ਟਾਈਮ' ਡੀਲੀਵਰੀ ਦਾ ਬੋਝ ਉਨ੍ਹਾਂ ਦੇ ਸਾਹ ਸੁਕਾ ਕੇ ਰੱਖਦਾ ਹੈ ਪਰ ਤਨਖਾਹਾਂ ਪਿਛਲੇ 35 ਸਾਲ ਤੋਂ ਉੱਥੇ ਦੀਆਂ ਉੱਥੇ ਖੜ੍ਹੀਆਂ ਹਨ।"

ਜੌਨ ਮੈਕੈਨ (John McCann) ਨੇ ਕਿਹਾ, "ਟਰੱਕ ਡਰਾਈਵਿੰਗ ਦੇ ਧੰਦੇ ਵਿੱਚ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਤਨਖਾਹਾਂ ਵਧਾਏ ਜਾਣ ਅਤੇ ਕੰਮ ਕਰਨ ਦੇ ਹਾਲਾਤਾਂ ਨੂੰ ਸੁਧਾਰਨ ਦੀ ਲੋੜ ਹੈ। ਸਮੱਸਿਆ ਦਾ ਹੱਲ ਡਰਾਈਵਰਾਂ ਨੂੰ ਬਾਹਰੋਂ ਮੰਗਵਾਉਣ ਵਿੱਚ ਨਹੀਂ ਹੈ ਖਾਸ ਕਰਕੇ ਜਦੋਂ ਵਿਦੇਸ਼ੀ ਵਰਕਰਾਂ ਦਾ ਸੋਸ਼ਣ ਕੀਤੇ ਜਾਣਾ ਕੋਈ ਲੁਕੀ ਛਿਪੀ ਗੱਲ ਨਹੀਂ ਹੈ ਅਤੇ ਕੈਨੇਡੀਅਨ ਮੀਡੀਆ ਵਿੱਚ ਇਹ ਮੁੱਦਾ ਉੱਠਦਾ ਰਹਿੰਦਾ ਹੈ। ਸਾਡੀ ਯੂਨੀਅਨ ਕੈਨੇਡਾ ਵਿੱਚ 1 ਲੱਖ 25 ਹਜ਼ਾਰ ਵਰਕਰਾਂ ਦੀ ਨੁਮਾਇੰਦਗੀ ਕਰਦੀ ਹੈ ਜਿਨ੍ਹਾਂ ਵਿੱਚ 15,000 ਲੌਂਗ ਹਾਲ ਕਰਨ ਵਾਲੇ ਟਰੱਕ ਡਰਾਈਵਰ ਹਨ ਜਿਸ ਵਿੱਚ ਹਜ਼ਾਰਾਂ ਹੀ ਪਹਿਲੀ ਅਤੇ ਦੂਜੀ ਪੀੜ੍ਹੀ ਦੇ ਇੰਮੀਗਰਾਂਟ ਹਨ। ਨਸਲ ਅਤੇ ਕੌਮੀਅਤ ਦਾ ਭੇਦਭਾਵ ਨਾ ਕਰਦੇ ਹੋਏ ਅਸੀਂ ਸਮੂਹ ਡਰਾਈਵਰਾਂ ਲਈ ਚੰਗੀ ਤਨਖਾਹ ਅਤੇ ਕੰਮ ਦੀਆਂ ਬਿਹਤਰ ਪ੍ਰਸਥਿਤੀਆਂ ਲਈ ਆਵਾਜ਼ ਚੁੱਕਣ ਤੋਂ ਕਦੇ ਵੀ ਗੁਰੇਜ਼ ਨਹੀਂ ਕਰਾਂਗੇ। "

**ਲੇਖਕ ਬਾਰੇ:**

*ਜਗਦੀਪ ਕੈਲੇ ਕੈਨੇਡਾ ਵਿੱਚ ਪੰਜਾਬੀ ਪੱਤਰਕਾਰੀ ਨਾਲ ਇੱਕ ਦਹਾਕੇ ਤੋਂ ਵੱਧ ਅਰਸੇ ਤੋਂ ਸਰਗਰਮੀ ਨਾਲ ਜੁੜੇ ਹੋਏ ਹਨ। ਫੈਡਰਲ, ਪ੍ਰੋਵਿੰਸ਼ੀਅਲ ਅਤੇ ਸਥਾਨਕ ਸਿਆਸੀ, ਸਮਾਜਿਕ ਅਤੇ ਸੱਭਿਆਚਾਰਕ ਮੁੱਦਿਆਂ ਬਾਰੇ ਲਿਖਣ ਦਾ ਗਹਿਰਾ ਅਨੁਭਵ ਹੈ। ਕੈਨੇਡਾ ਵਿੱਚ ਨਵੇਂ ਪਰਵਾਸੀਆਂ ਦੀ ਸਥਾਪਤੀ ਲਈ ਕੰਮ ਕਰਨ ਤੋਂ ਇਲਾਵਾ ਉਹ ਲੋੜਵੰਦ ਵਿਅਕਤੀਆਂ ਅਤੇ ਅਨਾਥ ਬੱਚਿਆਂ ਦੀ ਬਿਹਤਰੀ ਲਈ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਕੰਮ ਕਰਨ ਦਾ ਲੰਬਾ ਤਜੁਰਬਾ ਰੱਖਦੇ ਹਨ। ਜਗਦੀਪ ਕੈਲੇ ਨਾਲ jkailey@roadtoday.com ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।*






INDUSTRY NEWS

# ਮਿਸੀਸਾਗਾ ’ਚ ਟਰੱਕਿੰਗ ਇੰਡਸਟਰੀ ਦਾ ਨੌਕਰੀ ਮੇਲਾ 6 ਅਪ੍ਰੈਲ ਨੂੰ

ROAD TODAY • TRUCK NEWS

JOBS EXPO

**SATURDAY, APRIL 6, 2019**

MISSISSAUGA, ON

ਨਿਊਕਾਮ ਦੱਖਣੀ ਏਸ਼ੀਆ ਮੀਡੀਆ ਕੰਪਨੀ ਗਰਮਜੋਸ਼ੀ ਨਾਲ ਆਪਣੇ ‘ਜੌਬਸ ਐਕਸਪੋ’ ਦਾ ਬਸੰਤ 2019 ਸੰਸਕਰਣ ਲਿਆ ਰਹੀ ਹੈ ਜੋ ਕਿ ਟਰੱਕਿੰਗ ਕੰਪਨੀਆਂ ਅਤੇ ਮਾਲ-ਅਸਬਾਬ ਉਦਯੋਗ ਦੀਆਂ ਭਰਤੀ ਜ਼ਰੂਰਤਾਂ ਪੂਰੀਆਂ ਕਰੇਗਾ।

ਪਿਛਲੇ ਸਾਲ ਸਤੰਬਰ ’ਚ ਪਹਿਲੀ ਵਾਰੀ ਕਰਵਾਏ ਗਏ ਇਸ ਨੌਕਰੀ ਮੇਲੇ ਨੂੰ ਮਿਲੇ ਭਰਵੇਂ ਹੁੰਗਾਰੇ ਦੇ ਵਿਸਤਾਰ ਵਜੋਂ ਆਉਣ ਵਾਲਾ ਭਰਤੀ ਸਮਾਗਮ ਨੌਕਰੀ ਚਾਹੁਣ ਵਾਲਿਆਂ ਅਤੇ ਭਰਤੀ ਕਰਨ ਵਾਲਿਆਂ ਨੂੰ ਇਕੋ-ਛੱਤ ਹੇਠਾਂ ਆਹਮੋ-ਸਾਹਮਣੇ ਲਿਆਵੇਗਾ।

ਇਹ ਸਮਾਗਮ ਕਾਰੋਬਾਰਾਂ ਲਈ ਆਪਣੇ ਉਤਪਾਦਾਂ/ਸੇਵਾਵਾਂ ਨੂੰ ਪ੍ਰਦਰਸ਼ਿਤ ਅਤੇ ਪ੍ਰਚਾਰਤ ਕਰਨ ਲਈ ਵੀ ਆਦਰਸ਼ ਮੰਚ ਸਾਬਤ ਹੋਵੇਗਾ ਜਿਸ ’ਚ ਨੈੱਟਵਰਕਿੰਗ ਦੇ ਭਰਪੂਰ ਮੌਕੇ ਹੋਣਗੇ।

ਕੈਨੇਡਾ ਭਰ ਤੋਂ ਲਗਭਗ 100 ਕੰਪਨੀਆਂ, ਫ਼ਲੀਟਾਂ ਅਤੇ ਸਰਕਾਰੀ ਅਦਾਰੇ ਨੌਕਰੀਆਂ ਦੀ ਭਰਤੀ ਲਈ ਇਸ ਐਕਸਪੋ ’ਚ ਹਾਜ਼ਰੀ ਭਰਨਗੇ।

ਪੇਸ਼ੇਵਰ ਡਰਾਈਵਰਾਂ, ਓਨਰ-ਆਪਰੇਟਰਾਂ, ਮਕੈਨਿਕਾਂ, ਵੇਅਰਹਾਊਸ ਸਟਾਫ਼, ਡਿਸਪੈਚਰਾਂ, ਕਲੈਰੀਕਲ ਅਤੇ ਅਕਾਊਂਟਿੰਗ ਪੇਸ਼ੇਵਰਾਂ ਸਮੇਤ ਕਈ ਹੋਰ ਸ਼੍ਰੇਣੀਆਂ ’ਚ ਭਰਤੀਆਂ ਜੋਸ਼ੋ-ਖਰੋਸ਼ ਨਾਲ ਹੋਣਗੀਆਂ।

ਇਸ ਮੌਕੇ ਰੋਚਕ ਇਨਾਮਾਂ ਦੇ ਡਰਾਅ ਕੱਢੇ ਜਾਣਗੇ ਅਤੇ ਉਦਯੋਗ ਦੇ ਪੇਸ਼ੇਵਰਾਂ ਨੂੰ ਮਿਲਣ ਦਾ ਬਿਹਤਰੀਨ ਮੌਕਾ ਵੀ ਮਿਲੇਗਾ। ਇਨਾਮ ਜਿੱਤਣ ਲਈ ਅਗਾਊਂ ਰਜਿਸਟਰੇਸ਼ਨ ਕਰਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

ਇਹ ਨੌਕਰੀ ਮੇਲਾ 6 ਅਪ੍ਰੈਲ, ਸਨਿੱਚਰਵਾਰ ਨੂੰ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤਕ ਇੰਟਰਨੈਸ਼ਨਲ ਸੈਂਟਰ ਦੇ ਕਾਨਫ਼ਰੰਸ ਕੇਂਦਰ ਵਿਖੇ ਕਰਵਾਇਆ ਜਾਵੇਗਾ ਜੋ ਕਿ ਮਿਸੀਸਾਗਾ (ਮਾਲਟਨ) ’ਚ 6900 ਏਅਰਪੋਰਟ ਰੋਡ ਵਿਖੇ ਸਥਿਤ ਹੈ। ਦਾਖ਼ਲਾ ਅਤੇ ਪਾਰਕਿੰਗ ਬਿਲਕੁਲ ਮੁਫ਼ਤ ਹੈ।

ਇਸ ਸਮਾਗਮ ਦੇ ਮੁੱਖ ਸਪਾਂਸਰ ਹਨ ਵੋਲਵੋ ਟਰੱਕ ਕੈਨੇਡਾ, ਟੇਕਸਿਜ਼ ਟਰੱਕ ਐਗਜ਼ਾਸਟ ਅਤੇ ਮੀਡੀਆ ਪਾਰਟਨਰਾਂ ’ਚ ਸ਼ਾਮਲ ਹਨ *ਟਰੱਕ ਨਿਊਜ਼* ਅਤੇ *ਰੋਡ ਟੂਡੇ*। RT

# ਅੱਧੀ ਟੈਨਸ਼ਨ ਤਾਂ ਡਰਾਈਵਰਾਂ ਨੂੰ ਸਕੇਲਾਂ ਪਾਰ ਕਰਨ ਦੀ ਹੁੰਦੀ ਹੈ



ਹਰਜੀਤ ਸਿੰਘ ਬਾਜਵਾ

ਟਰੱਕਿੰਗ ਦੇ ਕਿੱਤੇ ਵਿੱਚ ਡਰਾਈਵਰ ਨੂੰ ਚੰਗੀ ਤਰ੍ਹਾਂ ਸਿੱਖ ਕੇ ਆਉਣਾ ਬੇਹੱਦ ਜ਼ਰੂਰੀ ਇਸ ਲਈ ਬਣ ਜਾਂਦਾ ਹੈ ਕਿ ਜਦੋਂ ਤੁਸੀ ਟਰੱਕ ਚਲਾਉਣ ਲੱਗਦੇ ਹੋ ਤਾਂ ਸਾਰੇ ਨਿਯਮਾਂ ਤੋਂ ਲੈ ਕੇ ਸਾਰੇ ਪੇਪਰ ਵਰਕ (ਕਾਗਜ਼ੀ ਕਾਰਵਾਈ) ਨੂੰ ਮੁਕੰਮਲ ਕਰਨ ਬਾਰੇ ਜਾਣਕਾਰੀ ਹੋਣਾ ਬੇਹੱਦ ਜ਼ਰੂਰੀ ਹੈ ਤਾਂ ਕਿ ਟਰੱਕ ਚਲਾਉਂਦੇ ਸਮੇਂ ਤੁਸੀ ਨਿਸਚਿੰਤ ਹੋ ਕੇ ਡਰਾਈਵਿੰਗ ਕਰ ਸਕੋ। ਅਜਿਹਾ ਆਮ ਹੀ ਵੇਖਣ ਨੂੰ ਮਿਲਦਾ ਹੈ ਕਿ ਸ਼ੁਰੂਆਤੀ ਦੌਰ (ਬਹੁਤੇ ਪੰਜਾਬੀਆਂ ਵਿੱਚ) ਵਿੱਚ ਸਿਰਫ ਟਰੱਕ ਦਾ ਲਾਇਸੰਸ ਲੈਣ ਤੇ ਇਹ ਕਹਿ ਕੇ ਜ਼ੋਰ ਦਿੱਤਾ ਜਾਂਦਾ ਹੈ ਕਿ ਲਾਇਸੰਸ ਹੱਥ ਵਿੱਚ ਆਉਣ 'ਤੇ ਬਾਕੀ ਤਾਂ ਬਾਅਦ ਵਿੱਚ ਵੇਖਿਆ ਜਾਵੇਗਾ। ਹੌਲੀ-ਹੌਲੀ ਕਿਸੇ ਨਾਲ ਟੀਮ 'ਤੇ ਜਾ ਕੇ ਹੀ ਸਿੱਖਿਆ ਜਾ ਸਕੇਗਾ ਜਦੋਂ ਕਿ ਇਸ ਗਲਤ ਧਾਰਨਾਂ ਨੂੰ ਤੋੜਨ ਦੀ ਲੋੜ ਹੈ।




ਸਭ ਕੁਝ ਪਹਿਲਾਂ ਤੋਂ ਹੀ ਚੰਗੀ ਤਰ੍ਹਾਂ ਸਿੱਖ ਕੇ ਫਿਰ ਹੀ ਟਰੱਕ ਦੀ ਸੀਟ ਤੇ ਬਹਿਣ ਦੀ ਗੱਲ ਕਰਨੀ ਚਾਹੀਦੀ ਹੈ। ਸਹੀ ਤਰੀਕੇ ਨਾਲ ਡਰਾਈਵਿੰਗ ਕਰਨੀ, ਬੈਕ ਲਾਉਣੀ ਤਾਂ ਅਹਿਮ ਹੈ ਹੀ ਪਰ ਉਸ ਤੋਂ ਵੀ ਜਿਆਦਾ ਅਹਿਮ ਹੁੰਦਾ ਹੈ ਪੇਪਰ ਵਰਕ ਜਾਣੀ ਕਿ 'ਲੌਗ ਬੁੱਕ' ਨੂੰ ਨਾਲ ਦੀ ਨਾਲ ਮੁਕੰਮਲ ਕਰਨਾ। ਇਹ ਟਰੱਕ ਡਰਾਈਵਿੰਗ ਦਾ ਇੱਕ ਅਜਿਹਾ ਪੱਖ ਹੈ ਜੋ ਕਿ ਪੇਪਰ ਵਰਕ ਪੂਰਾ ਨਾ ਹੋਣ ਦੀ ਸੂਰਤ ਵਿੱਚ ਟਰੱਕ ਡਰਾਈਵਰ ਨੂੰ ਕਿਸੇ ਮੁਸੀਬਤ ਵਿੱਚ ਵੀ ਫਸਾ ਸਕਦਾ ਹੈ ਕਿਉਂਕਿ ਅਮਰੀਕਾ ਅਤੇ ਕੈਨੇਡਾ ਵਿੱਚ ਡਰਾਈਵਿੰਗ ਕਰਦੇ ਸਮੇਂ ਕੋਈ ਛੋਟੀ-ਵੱਡੀ ਦੁਰਘਟਨਾ ਵਾਪਰਨ ਵੇਲੇ ਜਾਂ ਡਰਾਈਵਿੰਗ ਕਰਦੇ ਸਮੇਂ ਕਿਸੇ ਵੇਲੇ ਵੀ ਪੁਲਿਸ ਅਫਸਰ ਜਾਂ ਮਨਿਸਟਰੀ ਆਫ ਟ੍ਰਾਂਸਪੋਰਟ ਦੇ ਅਧਿਕਾਰੀ (ਐਮ.ਟੀ.ਓ.) ਟਰੱਕ ਨੂੰ ਰੋਕ ਕੇ ਸਭ ਤੋਂ ਪਹਿਲਾਂ ਡਰਾਈਵਿੰਗ ਲਾਇਸੈਂਸ ਅਤੇ ਲੌਗਬੁੱਕ ਹੀ ਚੈੱਕ ਕਰਦੇ ਹਨ। ਲਾਇਸੰਸ ਜਾਂ ਲੌਗ ਬੁੱਕ ਵਿੱਚ ਕੋਈ ਵੀ ਗੜਬੜੀ ਹੋਣ ਉੱਤੇ ਟਰੱਕ ਡਰਾਈਵਰ ਕਿਸੇ ਜ਼ੁਰਮਾਨੇ (ਟਿਕਟ ਮਿਲਣ) ਜਾਂ ਕਾਨੂੰਨੀ ਸਿਕੰਜ਼ੇ ਵਿੱਚ ਵੀ ਫਸ ਸਕਦਾ ਹੈ ਅਤੇ ਦੂਜਾ ਪੱਖ ਇਹ ਕਿ ਅਮਰੀਕਾ ਅਤੇ ਕੈਨੇਡਾ ਵਿੱਚ ਕਿਸੇ ਵੀ ਸੂਬੇ ਵਿੱਚ ਟਰੱਕ ਚਲਾਉਂਦੇ ਸਮੇਂ ਹਾਈਵੇਜ਼ ਤੇ ਚਲਦਿਆਂ ਸਕੇਲਾਂ ਦਾ ਸਾਹਮਣਾ ਕਰਨਾ ਹਰ ਇੱਕ ਟਰੱਕ ਡਰਾਈਵਰ ਦੇ ਸਾਹ ਸੂਤ ਦਿੰਦਾ ਹੈ।

ਰੋਜ਼ਾਨਾ ਚੱਲਣ ਵਾਲੇ ਡਰਾਈਵਰਾਂ ਨੂੰ ਇਹ ਪਤਾ ਹੁੰਦਾ ਹੈ ਕਿ ਕਿੱਥੇ-ਕਿੱਥੇ ਸਕੇਲ (ਟਰੱਕਾਂ ਅਤੇ ਵਪਾਰਕ ਵਾਹਨਾਂ ਦਾ ਭਾਰ ਵੇਖਣ ਵਾਲੇ ਸਰਕਾਰੀ ਕੰਡੇ) ਪੈਂਦੀ ਹੈ ਅਤੇ ਸਕੇਲ ਦੇ ਲਾਗੇ ਆਉਣ ਤੇ ਲਾਈਟ ਫਲੈੱਸ਼ ਕਰਨਾ ਅਤੇ ਓਪਨ ਲਿਖਿਆ ਹੋਣ 'ਤੇ ਹਰ ਇੱਕ ਕਮਰਸ਼ੀਅਲ ਵਹੀਕਲ (ਵਪਾਰਕ ਵਾਹਨ) ਸਮੇਤ ਟਰੱਕਾਂ ਨੂੰ ਜ਼ਰੂਰ ਹੀ ਬਣੀ ਸਕੇਲ ਉੱਤੋਂ ਦੀ ਲੰਘਣਾਂ ਪੈਂਦਾ ਹੈ। ਜ਼ਿਆਦਾ ਲੋਡ, ਲੋਡ ਬਰਾਬਰ ਨਾ ਹੋਣ, ਟਰੱਕ ਵਿੱਚ ਕੋਈ ਨੁਕਸ ਜਾਂ ਸੜਕੀ ਨਿਯਮਾਂ ਦੀ ਕੋਈ ਵੀ ਉਲੰਘਣਾਂ ਕਾਰਨ ਡਰਾਈਵਰ ਜਾਂ ਕੰਪਨੀ ਨੂੰ ਜੁਰਮਾਨੇ ਦੇ ਨਾਲ-ਨਾਲ ਕਿਸੇ ਵੀ ਕਾਨੂੰਨੀ ਸਿਕੰਜੇ ਵਿੱਚ ਫਸਣਾ ਪੈ ਸਕਦਾ ਹੈ। ਸਕੇਲਾਂ ਪਾਰ ਕਰਨ ਸਮੇਂ ਹਰ ਇੱਕ ਡਰਾਈਵਰ ਨੂੰ ਇਹ ਵੀ ਵੇਖਣ ਨੂੰ ਮਿਲਦਾ ਹੈ ਕਿ ਟਰੱਕ ਜਾਂ ਟਰੇਲਰ ਵਿੱਚ ਕਿਸੇ ਵੀ ਪ੍ਰਕਾਰ ਦਾ ਨੁਕਸ ਨਿਕਲਣ 'ਤੇ ਐਮ.ਟੀ.ਓ. ਜਾਂ ਸਬੰਧਤ ਅਧਿਕਾਰੀਆਂ ਵੱਲੋਂ ਟਰੱਕ ਜਾਂ ਟਰੇਲਰ ਨੂੰ ਉੱਥੋਂ ਮੁਰੰਮਤ ਕਰਵਾਉਣ ਤੋਂ ਬਾਅਦ ਹੀ ਲਿਜਾਣ ਦੀ ਇਜ਼ਾਜਤ ਦਿੱਤੀ ਜਾਂਦੀ ਹੈ। ਸਕੇਲਾਂ 'ਤੇ ਰੋਜ਼ਾਨਾ ਇੱਕੋ ਹੀ ਮਕੈਨੀਕਲ ਸ਼ੌਪ ਵਾਲੇ ਮਕੈਨਕਾਂ ਦੀਆਂ ਵੈਨਾਂ/ਟਰੱਕ ਹੀ ਮੁਰੰਮਤ ਕਰਦੇ ਦਿਸਦੇ ਹਨ ਜਿਹੜੇ ਕਿ ਦੋਵਾਂ ਹੱਥਾਂ ਨਾਲ ਖੁੱਲ੍ਹ ਕੇ ਲੁੱਟਦੇ ਹਨ ਅਤੇ ਮੋਟਾ ਬਿਲ ਬਣਾ ਕੇ ਸਬੰਧਤ ਵਾਹਨ ਦੇ ਮਾਲਕ ਨੂੰ ਭੇਜਦੇ ਹਨ ਜਿਸ ਲਈ ਟਰੱਕ ਮਾਲਕ ਅਤੇ ਡਰਾਈਵਰ ਸਿਰਫ ਦੰਦ ਕਰੀਚ ਕੇ ਹੀ ਰਹਿ ਜਾਂਦੇ ਹਨ ਪਰ ਮਜ਼ਬੂਰੀ ਵੱਸ ਕਰ ਕੁਝ ਨਹੀ ਸਕਦੇ।

ਇਸ ਬਾਰੇ ਤਜ਼ੁਰਬੇਕਾਰ ਡਰਾਈਵਰਾਂ ਅਤੇ ਓਨਰ ਆਪਰੇਟਰਾਂ ਦਾ ਕਹਿਣਾ ਹੈ ਕਿ ਜਦੋਂ ਵੀ ਤੁਸੀ ਆਪਣੇ ਟਰੱਕ ਟਰੇਲਰ ਨੂੰ ਕੰਮ ਲਈ ਤੋਰਦੇ ਹੋ ਤਾਂ ਉਨ੍ਹਾਂ ਪਹਿਲਾ ਫਰਜ਼ ਬਣਦਾ ਹੈ ਕਿ ਉਹ ਆਪਣੇ ਟਰੱਕ ਟਰੇਲਰ ਦੀ ਚੰਗੀ ਤਰ੍ਹਾਂ ਚੈਕਅੱਪ (ਇੰਸਪੈਕਸ਼ਨ) ਕਰਕੇ ਹੀ ਸੜਕ 'ਤੇ ਚੜਨ। ਇਸ ਤਰ੍ਹਾਂ ਬੇ-ਫਿਕਰ ਹੋ ਕੇ ਸਕੇਲਾਂ ਪਾਰ ਕੀਤੀਆਂ ਜਾ ਸਕਦੀਆਂ ਹਨ ਅਤੇ ਚਲਦੀਆਂ ਫਿਰਦੀਆਂ ਮਕੈਨਕਾਂ ਦੀਆਂ ਦੁਕਾਨਾਂ 'ਤੇ ਹੁੰਦੀ ਲੁੱਟ ਤੋਂ ਬਚਿਆ ਜਾ ਸਕਦਾ ਹੈ।

ਇੱਕ ਐਮ.ਟੀ.ਓ. ਨੇ ਗੱਲ ਕਰਦਿਆਂ ਦੱਸਿਆ ਕਿ ਸਹੀ ਤਰੀਕੇ ਨਾਲ ਡਰਾਈਵਿੰਗ ਕਰਨ ਵਾਲੇ ਡਰਾਈਵਰਾਂ ਅਤੇ ਕਾਨੂੰਨ ਦੀ ਪਾਲਣਾਂ ਕਰਨ ਵਾਲੇ ਲੋਕਾਂ ਨੂੰ ਸਕੇਲਾਂ ਤੋਂ ਡਰਨ ਦੀ ਕਦੇ ਲੋੜ ਨਹੀਂ ਪੈਂਦੀ। ਸਕੇਲਾਂ 'ਤੇ ਵਾਹਨਾਂ ਦੀ ਚੈਕਅੱਪ ਕਰਨ ਵਾਲੇ ਅਧਿਕਾਰੀ ਸੁਰੱਖਿਆ ਪੱਖਾਂ ਨੂੰ ਵੇਖਦੇ ਹੋਏ ਹੀ ਕੋਈ ਫੈਸਲਾ ਲੈਂਦੇ ਹਨ ਕਿਉਂਕਿ ਵਾਹਨਾਂ ਵਿੱਚ ਕੋਈ ਨੁਕਸ ਪੈਣ ਕਾਰਨ ਸਮੇਂ ਸਿਰ ਜੇਕਰ ਰਿਪੇਅਰ ਨਾ ਕਰਵਾਈ ਜਾਵੇ ਤਾਂ ਕਈ ਵਾਰ ਘਾਤਕ ਹਾਦਸੇ ਵਾਪਰਨ ਕਰਕੇ ਬਹੁਤ ਨੁਕਸਾਨ ਵੀ ਉਠਾਉਣਾ ਪੈਂਦਾ ਹੈ। RT

---

**ਲੇਖਕ ਬਾਰੇ:**

*ਹਰਜੀਤ ਬਾਜਵਾ 1993 ਤੋਂ ਪੱਤਰਕਾਰੀ ਦੇ ਖੇਤਰ ਨਾਲ ਜੁੜੇ ਹੋਏ ਹਨ ਤੇ ਲੰਬੇ ਸਮੇਂ ਤੋਂ ਟੋਰੰਟੋ ਦੇ ਆਸਪਾਸ ਦੇ ਇਲਾਕੇ ਦੀ ਨਿਰਪੱਖ ਰਿਪੋਰਟਿੰਗ ਕਰ ਰਹੇ ਹਨ। ਉਨ੍ਹਾਂ ਪਿਛਲੇ ਪੰਜ ਕੁ ਸਾਲਾਂ ਤੋਂ ਟਰੱਕ ਡਰਾਈਵਿੰਗ ਕਰਦੇ ਹੋਏ ਇੰਡਸਟਰੀ ਦੇ ਦਰਪੇਸ਼ ਮੁੱਦਿਆਂ ਨੂੰ ਕਾਫ਼ੀ ਕਰੀਬੀ ਨਾਲ ਦੇਖਿਆ ਹੈ। ਹਰਜੀਤ ਬਾਜਵਾ ਨਾਲ ਸੰਪਰਕ ਕਰਨ ਲਈ ਈ-ਮੇਲ ਐਡਰੈੱਸ ਹੈ harjitbajwa@gmail.com ਅਤੇ ਫੋਨ ਨੰਬਰ ਹੈ 416 970 4333*

Canadian Trucking Alliance
Alliance Canadienne du Camionnage

# ਜਦ ਤੁਹਾਡੀਆਂ ਟੈਕਸ ਸੰਬੰਧੀ ਜ਼ਿੰਮੇਵਾਰੀਆਂ ਦੀ ਗੱਲ ਆਉਂਦੀ ਹੈ ਤਾਂ ਕੋਈ ਉਲੰਘਣਾ ਨਾ ਕਰੋ

## ਕੀ ਤੁਸੀਂ ਇੱਕ ਨਿਗਮਤ ਡ੍ਰਾਈਵਰ ਵਜੋਂ ਸਹੀ ਤਰੀਕੇ ਨਾਲ ਰਿਟਰਨ ਦਾਇਰ ਕਰਨ ਲਈ ਅਤੇ T4As ਜਾਰੀ ਕਰਨ ਲਈ ਤਿਆਰ ਹੋ?



CRA ਨੇ ਸਪੱਸ਼ਟ ਕੀਤਾ ਹੈ ਕਿ ਨਿਗਮਤ ਕੰਪਨੀ ਡ੍ਰਾਈਵਰ ‘ਨਿੱਜੀ ਸੇਵਾਵਾਂ ਵਾਲੇ ਕਾਰੋਬਾਰ’ (Personal Services Businesses – PSBs) ਹਨ ਅਤੇ ਉਹ ਛੋਟੇ ਕਾਰੋਬਾਰਾਂ ਲਈ ਕਿਸੇ ਕਟੌਤੀਆਂ ਵਾਸਤੇ ਯੋਗਤਾ ਪੂਰੀ ਨਹੀਂ ਕਰਦੇ। ਟਰੱਕ ਮਾਲਕਾਂ ਵਾਸਤੇ ਹੁਣ ਸਾਰੇ ਸਵੈ-ਰੁਜ਼ਗਾਰੀ ਠੇਕੇਦਾਰਾਂ ਨੂੰ T4As ਜਾਰੀ ਕਰਨਾ ਲਾਜ਼ਮੀ ਹੈ। ਕੀ ਤੁਸੀਂ ਇਸਦੀ ਪਾਲਣਾ ਕਰਨ ਲਈ ਤਿਆਰ ਹੋ? ਹੁਣ ਸਮਾਂ ਹੈ ਸਿੱਖਿਅਤ ਹੋਣ ਦਾ।

ਸਵੈ-ਨਿਗਮਤ ਡ੍ਰਾਈਵਰਾਂ, Driver Inc., PSBs, ਅਤੇ ਟਰੱਕ ਕਾਰੋਬਾਰ ਦੇ ਖੇਤਰ ਵਿੱਚ ਲਾਜ਼ਮੀ T4As ਬਾਰੇ Canada Revenue ਦੇ 2018 ਲਈ ਟੈਕਸ ਦਿਸ਼ਾ-ਨਿਰਦੇਸ਼ਾਂ ਵਾਸਤੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ cantruck.ca/driverinc’ਤੇ ਜਾਓ।

# ਹਮਬੋਲਟਡ ਕੇਸ 'ਚ ਸਜ਼ਾ 22 ਮਾਰਚ ਨੂੰ ਸੁਣਾਈ ਜਾਵੇਗੀ

ਹਮਬੋਲਟਡ ਟੱਕਰ ਦੇ ਮਾਮਲੇ 'ਚ ਮੁਦਾਲਾ ਅਤੇ ਬਚਾਅ ਧਿਰਾਂ ਵਲੋਂ ਆਪਣੇ ਆਖ਼ਰੀ ਬਿਆਨ ਦਰਜ ਕਰਵਾਉਣ ਤੋਂ ਬਾਅਦ ਇਸ 'ਚ ਸ਼ਾਮਲ ਟਰੱਕ ਡਰਾਈਵਰ ਨੂੰ ਸਜ਼ਾ 22 ਮਾਰਚ ਨੂੰ ਸੁਣਾਈ ਜਾਵੇਗੀ।

ਜਸਕੀਰਤ ਸਿੰਘ ਸਿੱਧੂ ਨੇ 31 ਜਨਵਰੀ ਨੂੰ ਅਦਾਲਤ 'ਚ ਬਿਆਨ ਦਿੱਤਾ ਸੀ ਅਤੇ ਪਰਿਵਾਰਾਂ ਨੂੰ ਕਿਹਾ ਸੀ ਕਿ ਉਹ ਹਾਦਸੇ ਦੀ ਪੂਰੀ ਜ਼ਿੰਮੇਵਾਰੀ ਲੈਂਦਾ ਹੈ। ਉਸ ਨੇ ਆਪਣੇ ਘੱਟ ਤਜਰਬੇ ਨੂੰ ਹਾਦਸੇ ਲਈ ਜ਼ਿੰਮੇਵਾਰ ਦੱਸਿਆ ਸੀ।

ਸਿੱਧੂ ਨੇ ਖ਼ਤਰਨਾਕ ਡਰਾਈਵਿੰਗ ਕਰ ਕੇ ਮੌਤ ਹੋਣ ਦੇ 16 ਦੋਸ਼ਾਂ ਅਤੇ ਖ਼ਤਰਨਾਕ ਡਰਾਈਵਿੰਗ ਕਰ ਕੇ ਜ਼ਖ਼ਮੀ ਕਰਨ ਦੇ 13 ਦੋਸ਼ਾਂ ਨੂੰ ਕਬੂਲਿਆ ਹੈ।

ਕੇਸ 'ਚ ਪਰਾਸੀਕਿਊਟਰ 10 ਸਾਲ ਦੀ ਕੈਦ ਅਤੇ 10 ਹੋਰ ਸਾਲਾਂ ਦੀ ਡਰਾਈਵਿੰਗ ਪਾਬੰਦੀ ਦੀ ਸਜ਼ਾ ਮੰਗ ਰਿਹਾ ਹੈ। ਪਰਾਸੀਕਿਊਟਰ ਨੇ ਕਿਹਾ ਕਿ ਸਿੱਧੂ ਦੀ ਸਜ਼ਾ ਪੂਰੀ ਹੋਣ ਤੋਂ ਬਾਅਦ ਉਸ ਨੂੰ ਕੈਨੇਡਾ ਤੋਂ ਡੀਪੋਰਟ ਕਰ ਦਿੱਤਾ ਜਾਵੇਗਾ।

**ਸੀ.ਟੀ.ਏ. ਦੀ ਪ੍ਰਤੀਕਿਰਿਆ**

ਕੈਨੇਡੀਅਨ ਟਰੱਕਿੰਗ ਅਲਾਇੰਸ (ਸੀ.ਟੀ.ਏ.) ਨੇ ਕਿਹਾ ਹੈ ਕਿ ਉਹ ਪੀੜਤ ਪਰਿਵਾਰਾਂ ਨਾਲ ਖੜਾ ਹੈ, ਜਿਨ੍ਹਾਂ ਨੇ ਅਦਾਲਤ 'ਚ ਆਪਣੇ ਬਿਆਨਾਂ 'ਚ ਉਦਯੋਗ 'ਤੇ ਨਿਗਰਾਨੀ ਅਤੇ ਤਾਮੀਲ ਵਧਾਉਣ ਦਾ ਸੱਦਾ ਦਿੱਤਾ ਹੈ।

28 ਜਨਵਰੀ ਨੂੰ ਇਹ ਕਿਹਾ ਗਿਆ ਸੀ ਕਿ ਸਿੱਧੂ ਨੇ 6 ਅਪ੍ਰੈਲ 2018 ਨੂੰ ਹਮਬੋਲਟਡ ਬਰੋਂਕੋਸ ਟੀਮ ਬੱਸ ਨਾਲ ਟੱਕਰ ਤੋਂ ਪਹਿਲਾਂ 11 ਦਿਨਾਂ ਅੰਦਰ 70 ਵਾਰੀ ਕਾਨੂੰਨ ਦੀ ਉਲੰਘਣਾ ਕੀਤੀ ਸੀ।

ਅਦਾਲਤ 'ਚ ਪੇਸ਼ ਕੀਤੀ ਗਈ ਆਰ.ਸੀ.ਐਮ.ਪੀ. ਫ਼ੋਰੈਂਸਿਕ ਟੱਕਰ ਦਾ ਦ੍ਰਿਸ਼ ਮੁੜ ਉਸਾਰਨ ਵਾਲੀ ਰਿਪੋਰਟ 'ਚ ਅਜਿਹੀਆਂ ਉਲੰਘਣਾਵਾਂ ਬਾਰੇ ਵੀ ਦੱਸਿਆ ਗਿਆ ਹੈ ਜੋ ਕਿ ਡਰਾਈਵਰ ਲਾਗਬੁੱਕ 'ਚ ਨਹੀਂ ਸਨ।

ਪਿੱਛੇ ਜਿਹੇ ਕੀਤੇ ਐਲਾਨ ਅਨੁਸਾਰ 2020 ਤਕ ਕੌਮੀ ਟਰੱਕ ਡਰਾਈਵਰ ਸਿਖਲਾਈ ਪ੍ਰੋਗਰਾਮ ਦੇ ਸਬੰਧ 'ਚ ਸੀ.ਟੀ.ਏ. ਨੇ ਕਿਹਾ ਹੈ ਕਿ ਕੰਮ ਕਰਨ ਦੇ ਘੰਟਿਆਂ ਤੋਂ ਵੱਧ ਕੰਮ ਕਰਨ ਨੂੰ ਰੋਕਣ ਲਈ ਤੀਜੀ ਧਿਰ ਵਲੋਂ ਪ੍ਰਮਾਣਤ ਛੇੜਛਾੜ ਰਹਿਤ ਇਲੈਕਟ੍ਰਾਨਿਕ ਲਾਗਿੰਗ ਡਿਵਾਇਸ (ਈ.ਐਲ.ਡੀ.) ਲਾਗੂ ਕਰਨ ਦੀ ਵੀ ਜ਼ਰੂਰਤ ਹੈ। ਹਮਬੋਲਟਡ ਦੇ ਮਾਮਲੇ 'ਚ ਵੀ ਇਹੀ ਮਾਮਲਾ ਵੇਖਿਆ ਗਿਆ ਸੀ।

ਸੀ.ਟੀ.ਏ. ਨੇ ਕਿਹਾ ਹੈ ਕਿ ਸਾਰੇ ਕਾਰੋਬਾਰੀ ਟਰੱਕਾਂ 'ਚ ਈ.ਐਲ.ਡੀ. ਲਾਉਣ ਲਈ ਇਸ ਦੇ ਨਿਯਮਾਂ ਦੇ ਪ੍ਰਕਾਸ਼ਤ ਹੋਣ ਤੋਂ ਬਾਅਦ ਕਿਸੇ ਵੀ ਹਾਲਤ 'ਚ ਇਕ ਸਾਲ ਤੋਂ ਵੱਧ ਦਾ ਸਮਾਂ ਨਹੀਂ ਲੱਗਣਾ ਚਾਹੀਦਾ। ਇਨ੍ਹਾਂ ਨਿਯਮਾਂ ਦੇ ਇਸੇ ਸਾਲ ਬਸੰਤ ਦੇ ਮੌਸਮ ਤਕ ਪ੍ਰਕਾਸ਼ਤ ਹੋਣ ਦੀ ਉਮੀਦ ਹੈ।

ਅਲਾਇੰਸ ਨੇ ਇਸ ਗੱਲ ਵੱਲ ਵੀ ਇਸ਼ਾਰਾ ਕੀਤਾ ਹੈ ਕਿ ਟਰਾਂਸਪੋਰਟ ਕੈਨੇਡਾ ਅਨੁਸਾਰ, ਸਾਰੀਆਂ ਟੱਕਰਾਂ 'ਚੋਂ 20% ਟਰੱਕ ਅਤੇ ਯਾਤਰੀ ਵਾਹਨ ਡਰਾਈਵਰਾਂ ਦੇ ਡਰਾਈਵਿੰਗ ਦੌਰਾਨ ਥੱਕੇ ਹਾਰੇ ਹੋਣ ਕਾਰਨ ਸੌਂ ਜਾਣ ਕਰਕੇ ਵਾਪਰਦੀਆਂ ਹਨ। ਸੀ.ਟੀ.ਏ. ਨੇ ਕਿਹਾ ਕਿ ਕੈਨੇਡਾ 'ਚ ਪ੍ਰਤੀ ਸਾਲ ਕੰਮ ਕਰਨ ਦੇ ਘੰਟਿਆਂ ਦੀ ਉਲੰਘਣਾ ਕਰਨ ਦੇ ਲਗਭਗ 9,400 ਮਾਮਲੇ ਸਾਹਮਣੇ ਆਉਂਦੇ ਹਨ ਅਤੇ ਛੇੜਛਾੜ ਰਹਿਤ ਪ੍ਰਮਾਣਤ ਈ.ਐਲ.ਡੀ. ਇਸ ਦੀ ਤਾਮੀਲ ਕਰਨ ਦੀ ਦਰ ਬਹੁਤ ਬਿਹਤਰ ਕਰਨਗੇ।

ਆਦੇਸ਼ ਦਿਓਲ ਟਰੱਕਿੰਗ, ਜਿਸ ਟਰੱਕਿੰਗ ਕੰਪਨੀ ਲਈ ਸਿੱਧੂ ਡਰਾਈਵਿੰਗ ਕਰਦਾ ਸੀ, ਦੇ ਮਾਲਕ ਸੁਖਮੰਦਰ ਸਿੰਘ 'ਤੇ ਵੀ ਫ਼ੈਡਰਲ ਅਤੇ ਸੂਬਾਈ ਸੁਰੱਖਿਆ ਨਿਯਮਾਂ ਦੀ ਪਾਲਣਾ ਨਾ ਕਰਨ ਦੇ ਅੱਠ ਦੋਸ਼ ਲੱਗੇ ਹਨ। RT

# ਮੈਨੀਟੋਬਾ ਨੇ ਗ਼ੈਰ-ਆਰ.ਟੀ.ਏ.ਸੀ. ਮਾਨਕਾਂ ਨੂੰ ਤਿਆਗਿਆ

ਮੈਨੀਟੋਬਾ ਦੇ ਗੱਡੀ ਭਾਰ ਅਤੇ ਆਕਾਰ ਬਾਰੇ ਨਿਯਮ ਗ਼ੈਰ-ਸੜਕੀ ਆਵਾਜਾਈ ਐਸੋਸੀਏਸ਼ਨ ਕੈਨੇਡਾ (ਆਰ.ਟੀ.ਏ.ਸੀ.) ਮਾਨਕਾਂ ਨੂੰ ਖ਼ਤਮ ਕਰਨ ਨਾਲ ਬਦਲ ਰਹੇ ਹਨ।

ਸੂਬਾ ਪਹਿਲਾਂ ਦੋ ਮਾਨਕਾਂ ਨਾਲ ਜੁੜਿਆ ਹੋਇਆ ਸੀ-ਆਰ.ਟੀ.ਏ.ਸੀ. ਅਤੇ ਗ਼ੈਰ-ਆਰ.ਟੀ.ਏ.ਸੀ.- ਹੁਣ ਬਾਅਦ ਵਾਲੇ ਨਿਯਮਾਂ ਨੂੰ ਗੱਡੀ ਭਾਰ ਅਤੇ ਆਕਾਰ ਬਾਰੇ ਹਾਈਵੇ ਨਿਯਮਾਂ ਦੀਆਂ ਸ਼੍ਰੇਣੀਆਂ 'ਚੋਂ ਕੱਢਣ ਨਾਲ ਨਿਯਮ ਸਰਲ ਹੋਣਗੇ ਅਤੇ ਮੈਨੀਟੋਬਾ 'ਚ ਕਾਰੋਬਾਰੀ ਗੱਡੀਆਂ ਲਈ ਰੈਗੂਲੇਟਰੀ ਜ਼ਰੂਰਤਾਂ ਵੀ ਘੱਟ ਹੋਣਗੀਆਂ।

15 ਫ਼ਰਵਰੀ ਨੂੰ ਅਮਲ 'ਚ ਆਉਣ ਵਾਲੀਆਂ ਤਬਦੀਲੀਆਂ ਕਾਰੋਬਾਰਾਂ, ਵੱਧ ਆਕਾਰ ਅਤੇ ਵੱਧ ਭਾਰ ਪਰਮਿਟ ਜਾਰੀ ਕਰਨ ਵਾਲੇ ਸਟਾਫ਼ ਲਈ, ਅਤੇ ਕਾਨੂੰਨ ਲਾਗੂ ਕਰਨ ਵਾਲੇ ਅਫ਼ਸਰਾਂ ਲਈ ਨਿਯਮਾਂ ਨੂੰ ਸਪੱਸ਼ਟ ਬਣਾਉਣ 'ਚ ਵੀ ਮਦਦ ਕਰੇਗੀ।

ਗ਼ੈਰ-ਆਰ.ਟੀ.ਏ.ਸੀ. ਗੱਡੀਆਂ ਕਾਨੂੰਨੀ ਲੰਬਾਈ, ਉਚਾਈ ਅਤੇ ਚੌੜਾਈ ਹੇਠ ਰਹਿਣਗੀਆਂ ਅਤੇ ਕੈਰੀਅਰ ਆਪਣੇ ਮੌਜੂਦਾ ਗ਼ੈਰ-ਆਰ.ਟੀ.ਏ.ਸੀ. ਉਪਕਰਨ ਚਲਦੇ ਰੱਖ ਸਕਣਗੇ।


ਅੰਤਰ-ਐਕਸਲ ਫ਼ਾਸਲਾ ਇਜਾਜ਼ਤਅਧੀਨ ਭਾਰ 'ਤੇ ਅਸਰ ਪਾਵੇਗਾ, ਇਸ ਲਈ ਕੋਈ ਵੀ ਅਜਿਹੀ ਗੱਡੀ, ਜੋ ਕਿ ਫ਼ਾਸਲੇ ਦੀਆਂ ਜ਼ਰੂਰਤਾਂ ਪੂਰੀ ਨਹੀਂ ਕਰਦੀ, ਨੂੰ ਕਾਨੂੰਨੀ ਤੌਰ 'ਤੇ ਚੱਲਣ ਲਈ ਪਰਮਿਟ ਹਾਸਲ ਕਰਨਾ ਹੋਵੇਗਾ। ਘੱਟ ਅੰਤਰ-ਐਕਸਲ ਫ਼ਾਸਲੇ ਲਈ ਨਵਾਂ ਪਰਮਿਟ 24 ਡਾਲਰ ਦੀ ਫ਼ੀਸ 'ਤੇ ਜਾਰੀ ਕੀਤਾ ਜਾਵੇਗਾ।

ਲੰਮੇ ਵੀਲ ਬੇਸ ਵਾਲੇ ਸੈਮੀ-ਟਰੈਕਟਰ, ਪੂਰੇ ਅਤੇ ਸੈਮੀ-ਟਰੇਲਰ ਲਿਫ਼ਟ ਐਕਸਲ, ਅਤੇ 2.2 ਮੀਟਰ 'ਚ ਫੈਲੇ ਟੈਂਡਮ ਸਟੀਅਰ ਐਕਸਲ ਲਈ ਹੁਣ ਕਿਸੇ ਪਰਮਿਟ ਦੀ ਜ਼ਰੂਰਤ ਨਹੀਂ ਹੋਵੇਗੀ। RT


FOR LEASE

Truck/Trailer Dealership and Repair Garage | Mississauga, ON

ਆਵਾਜਾਈ ਅਤੇ ਲੌਜਿਸਟਿਕਸ ਰੀਅਲ ਅਸਟੇਟ ਸੇਵਾਵਾਂ




SALES, LEASING & INVESTMENT
Transportation & Logistics Real Estate Services

Mark Cascagnette*
Executive Vice President
416.937.7646
mark.cascagnette@cushwake.com

CUSHMAN & WAKEFIELD
*Sales Representative
Cushman & Wakefield ULC, Brokerage 2018

# ਪੁਰਾਣੇ ਟਰੱਕਾਂ ਦੇ ਬਾਜ਼ਾਰ 'ਚ ਉਤਸਰਜਨ ਸਿਸਟਮ ਬਣੇ ਹਊਆ

## ਲੇਟ ਮਾਡਲ ਅਤੇ ਘੱਟ ਮਾਈਲੇਜ ਵਾਲੇ ਪੁਰਾਣੇ ਹੋਏ ਟਰੱਕ ਮਿਲਦੇ ਹਨ ਮੁਸ਼ਕਲ ਨਾਲ



ਪੁਰਾਣੇ ਟਰੱਕਾਂ ਦੇ ਲੈਣ-ਦੇਣ 'ਚ ਪ੍ਰਦੂਸ਼ਣ ਉਤਸਰਜਨ ਘਟਾਊ ਸਿਸਟਮ, ਜੋ ਕਿ ਆਪਣੇ ਸ਼ੁਰੂਆਤੀ ਸਾਲਾਂ 'ਚ ਫਲੀਟਸ ਅਤੇ ਓਨਰ-ਆਪਰੇਟਰਾਂ ਲਈ ਪਰੇਸ਼ਾਨੀ ਦਾ ਸਬੱਬ ਬਣੇ ਅਤੇ ਮਹਿੰਗੇ ਸਨ, ਅਜੇ ਵੀ ਚਰਚਾ ਦਾ ਮੁੱਖ ਵਿਸ਼ਾ ਬਣੇ ਹੋਏ ਹਨ। ਕੁੱਝ ਗ੍ਰਾਹਕਾਂ ਦਾ 2007 ਤੋਂ ਬਾਅਦ ਵਰਤੋਂ 'ਚ ਆਏ ਉਤਸਰਜਨ ਸਿਸਟਮਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਜਿਸ ਕਰ ਕੇ ਸਾਲ 2006 ਅਤੇ ਇਸ ਤੋਂ ਪੁਰਾਣੇ ਟਰੱਕਾਂ ਦੀ ਕੀਮਤ ਵੱਧ ਗਈ ਹੈ।

ਵਿਜ਼ਨ ਟਰੱਕ ਗਰੁੱਪ ਦੇ ਸੇਲਜ਼ ਮੈਨੇਜਰ ਸੀਨ ਵਾਲੇਨ ਦਾ ਕਹਿਣਾ ਹੈ, "ਇਨ੍ਹਾਂ ਦਾ ਰਿਵਾਜ ਚੱਲ ਰਿਹਾ ਹੈ।" ਉਨ੍ਹਾਂ ਨੇ ਗ੍ਰਾਹਕਾਂ ਵਲੋਂ ਉਤਸਰਜਨ-ਪੂਰਵ ਵਾਲੇ ਟਰੱਕ ਪਹਿਲੀ ਪਸੰਦ ਹਨ ਅਤੇ 20% ਬਾਜ਼ਾਰ ਅਜਿਹੇ ਟਰੱਕਾਂ ਦਾ ਹੀ ਹੈ।

ਵਾਲੇਨ ਦਾ ਪੁਰਾਣੇ ਮੈਕ ਟਰੱਕ ਨਾਈਜੀਰੀਆ ਨੂੰ ਨਿਰਯਾਤ ਕਰਨ ਦਾ ਵਧੀਆ ਕਾਰੋਬਾਰ ਸੀ। ਇਸ ਵੇਲੇ ਇਨ੍ਹਾਂ ਉਤਸਰਜਨ-ਪੂਰਵ ਟਰੱਕਾਂ ਦੀ ਮੰਗ ਏਨੀ ਵੱਧ ਚੁੱਕੀ ਹੈ ਕਿ ਉਨ੍ਹਾਂ ਨੂੰ ਬਾਹਰਲੇ ਦੇਸ਼ਾਂ ਦੀਆਂ ਮੰਗਾਂ ਪੂਰੀਆਂ ਕਰਨ 'ਚ ਮੁਸ਼ਕਲ ਪੇਸ਼ ਆ ਰਹੀ ਹੈ। ਅਤੇ ਇਹ ਪੁਰਾਣੇ ਟਰੱਕ ਹੁਣ ਉਨ੍ਹਾਂ ਨੂੰ ਚੰਗਾ ਫਾਇਦਾ ਦੇ ਰਹੇ ਹਨ।

ਵਾਲੇਨ ਦਾ ਕਹਿਣਾ ਹੈ, "2004 ਤੋਂ 2007 ਵਿਚਕਾਰ ਬਣੇ ਗ਼ੈਰ-ਉਤਸਰਜਨ (ਸਿਸਟਮ ਵਾਲੇ) ਟਰੱਕਾਂ ਦੀ ਕੀਮਤ 2008 ਤੋਂ 2011 ਦੌਰਾਨ ਬਣੇ ਟਰੱਕਾਂ ਤੋਂ ਵੀ ਜ਼ਿਆਦਾ ਹੈ। ਮੰਗ ਅਤੇ ਸਪਲਾਈ ਦੇ ਨਿਯਮ ਅਨੁਸਾਰ ਹੁਣ ਇਹ ਟਰੱਕ ਮਿਲਣੇ ਮੁਸ਼ਕਲ ਹੋ ਗਏ ਹਨ।"

ਸ਼ੁਰੂਆਤੀ ਪੀੜ੍ਹੀ ਦੇ ਉਤਸਰਜਨ ਸਿਸਟਮ ਵਾਲੇ ਟਰੱਕ ਅਤੇ ਇਸ ਨਾਲ ਸਬੰਧਤ ਅਜਾਈਂ ਜਾਣ ਵਾਲੇ ਸਮੇਂ ਤੋਂ ਕੁੱਝ ਆਪਰੇਟਰ ਏਨੇ ਡਰਦੇ ਹਨ ਕਿ ਉਨ੍ਹਾਂ ਨੇ ਡੀਜ਼ਲ ਪਾਰਟੀਕੁਲੇਟ ਫ਼ਿਲਟਰ (ਡੀ.ਪੀ.ਐਫ਼.) ਅਤੇ/ਜਾਂ ਈ.ਜੀ.ਆਰ. ਵਾਲਵ ਖੋਲ੍ਹ ਕੇ ਇੰਜਣ ਦਾ ਸਾਫ਼ਟਵੇਅਰ ਵੀ ਰੀਪ੍ਰੋਗਰਾਮ ਕਰ ਦਿੱਤਾ ਹੈ। ਅਜਿਹੀਆਂ ਗ਼ੈਰਕਾਨੂੰਨੀ ਤਬਦੀਲੀਆਂ ਨੂੰ ਅਕਸਰ 'ਡੀ.ਪੀ.ਐਫ਼. ਡੀਲੀਟ' ਕਿਹਾ ਜਾਂਦਾ ਹੈ- ਅਤੇ ਵਰਤੇ ਹੋਏ ਟਰੱਕਾਂ ਦੇ ਖ਼ਰੀਦਦਾਰਾਂ ਨੂੰ ਅਜਿਹੇ ਟਰੱਕ ਖ਼ਰੀਦਣ ਤੋਂ ਬਚਣਾ ਚਾਹੀਦਾ ਹੈ।

ਓ.ਈ.ਐਮ. ਡੀਲਰ ਤੋਂ ਇਹ ਭਰੋਸਾ ਰਹਿੰਦਾ ਹੈ ਕਿ ਉਤਸਰਜਨ ਸਿਸਟਮ ਠੀਕ-ਠਾਕ ਹੋਵੇਗਾ, ਜਦਕਿ ਨਿਜੀ ਸੇਲਜ਼ ਜਾਂ 'ਕਰਬਸਾਈਡਰ' ਨਾਲ ਲੈਣ-ਦੇਣ ਕਰਨ ਨਾਲ ਇਹ ਭਰੋਸਾ ਬਹੁਤੀ ਵਾਰ ਨਹੀਂ ਮਿਲਦਾ। ਸਰਸਰੀ ਤੌਰ 'ਤੇ ਇਹ ਦੱਸਣਾ ਮੁਸ਼ਕਲ ਹੁੰਦਾ ਹੈ ਕਿ ਕੀ ਉਤਸਰਜਨ ਸਿਸਟਮ ਕੰਮ ਕਰ ਰਿਹਾ ਹੈ ਜਾਂ ਨਹੀਂ, ਪਰ ਤਾਮੀਲੀ ਅਫ਼ਸਰ ਹੁਣ ਇਸ ਪ੍ਰਤੀ ਸਿਖਿਅਤ ਹੋ ਚੁੱਕੇ ਹਨ ਕਿ ਕਿੱਥੇ ਗੜਬੜੀ ਕੀਤੀ ਹੋ ਸਕਦੀ ਹੈ ਅਤੇ ਛੇੜਛਾੜ ਵਾਲੇ ਟਰੱਕ ਨੂੰ ਉਹ ਖੜ੍ਹਾ ਕਰ ਸਕਦੇ ਹਨ। ਉਤਸਰਜਨ ਸਿਸਟਮ ਨਾਲ ਛੇੜਛਾੜ ਵਿਰੁੱਧ ਉਦਯੋਗ ਵੀ ਹੁਣ ਕਾਨੂੰਨਾਂ ਦੀ ਪਾਲਣਾ ਯਕੀਨੀ ਬਣਾਉਣ ਦੀ

ਵਕਾਲਤ ਕਰਦਾ ਹੈ।

ਚੰਗੀ ਖ਼ਬਰ ਇਹ ਹੈ ਕਿ, ਉਤਸਰਜਨ ਸਿਸਟਮਾਂ ਨੂੰ ਪਿਛਲੇ ਕੁੱਝ ਸਾਲਾਂ ਦੌਰਾਨ ਰੀਡਿਜ਼ਾਈਨ ਕਰ ਦਿੱਤਾ ਗਿਆ ਹੈ, ਅਤੇ ਇਨ੍ਹਾਂ 'ਤੇ ਭਰੋਸਾ ਵਧਿਆ ਹੈ।

ਜੋ ਖ਼ਰੀਦਦਾਰ ਅਜੋਕੇ ਉਤਸਰਜਨ ਸਿਸਟਮਾਂ ਤੋਂ ਜਾਣੂ ਨਹੀਂ ਹਨ ਉਨ੍ਹਾਂ ਨੂੰ ਮੈਕਸਿਮ ਟਰੱਕ ਅਤੇ ਟਰੇਲਰ ਦੇ ਪੁਰਾਣੇ ਟਰੱਕ ਸੇਲਜ਼ ਮੈਨੇਜਰ ਰੌਨ ਕਰੂਲਿਕੀ ਸਲਾਹ ਦਿੰਦੇ ਹਨ ਕਿ ਇਨ੍ਹਾਂ ਨੂੰ ਚਲਾਉਣ ਲਈ ਕੁੱਝ ਤਬਦੀਲੀਆਂ ਕਰਨੀਆਂ ਪੈ ਸਕਦੀਆਂ ਹਨ।

ਉਨ੍ਹਾਂ ਨੇ ਮੈਕਸਿਮ ਦੀ 'ਅਲਟੀਮੇਟ ਗਾਈਡ ਟੂ ਬਾਇੰਗ ਏ ਯੂਜ਼ਡ ਸੈਮੀ-ਟਰੱਕ' ਵਿੱਚ ਲਿਖਿਆ ਹੈ, "ਅਜੋਕੇ ਇੰਜਣਾਂ ਨੂੰ ਆਈਡਲਿੰਗ ਨਹੀਂ ਕਰਨੀ ਚਾਹੀਦੀ। ਇਸ ਨਾਲ ਇਨ੍ਹਾਂ ਦਾ ਡੀ.ਪੀ.ਐਫ਼. ਫ਼ਿਲਟਰ ਜਾਮ ਹੋ ਜਾਂਦਾ ਹੈ। ਜੇਕਰ ਡਰਾਈਵਰ ਗੇਜ ਜਾਂਚ ਨਹੀਂ ਕਰਦਾ ਹੈ ਤਾਂ ਡੀਲਰਸ਼ਿਪ ਨੂੰ ਵੱਡਾ ਬਿਲ ਭੁਗਤਾਨ ਕਰਨਾ ਪੈ ਸਕਦਾ ਹੈ। ਸਾਡੇ ਕੋਲ ਕੁੱਝ ਟਰੱਕ ਹਨ ਜਿੱਥੇ ਡਰਾਈਵਰਾਂ ਨੇ ਡੀ.ਪੀ.ਐਫ਼. ਫ਼ਿਲਟਰ ਚੇਤਾਵਨੀ 'ਤੇ ਟੇਪ ਲਾ ਦਿੱਤੀ ਸੀ।"

ਵਾਲੇਨ ਖ਼ਰੀਦਦਾਰਾਂ ਨੂੰ ਪਹਿਲਾਂ ਕੀਤੀ ਡੀ.ਪੀ.ਐਫ਼. ਸਫ਼ਾਈ ਅਤੇ ਉਤਸਰਜਨ ਸਿਸਟਮ ਨਾਲ ਸਬੰਧ ਹੋਰ ਮੁਰੰਮਤ ਵਾਲੀਆਂ ਚੀਜ਼ਾਂ ਬਾਰੇ ਜਾਣਕਾਰੀ ਹਾਸਲ ਕਰਨ ਦੀ ਸਲਾਹ ਦਿੰਦੇ ਹਨ।

ਆਰ.ਜੇ. ਟਰੱਕਸ ਦੇ ਟੋਨੀ ਹਾਰਟਲਿਬ ਦਾ ਕਹਿਣਾ ਹੈ, "ਵਧੀਆ ਪੁਰਾਣੇ ਟਰੱਕ ਹੁਣ ਮੁਸ਼ਕਲ ਨਾਲ ਹੀ ਮਿਲਦੇ ਹਨ।"

ਹਾਲਾਂਕਿ ਇਹ ਸਥਿਤੀ ਹੁਣ ਬਦਲ ਸਕਦੀ ਹੈ। ਉੱਤਰੀ ਅਮਰੀਕਾ 'ਚ ਟਰੱਕਾਂ ਦੇ ਆਰਡਰ 2018 ਦੌਰਾਨ ਵਾਧਾ ਵੇਖਣ ਨੂੰ ਮਿਲਿਆ ਹੈ, ਅਤੇ ਇਹ ਰੀਕਾਰਡ ਪੱਧਰ ਦੇ ਨੇੜੇ ਪੁੱਜ ਗਏ ਹਨ। ਕਿਉਂਕਿ ਇਹ ਟਰੱਕ ਫ਼ੈਕਟਰੀ 'ਚੋਂ ਡਰਾਈਵਰ ਸਮੇਤ ਨਹੀਂ ਆਉਂਦੇ ਇਸ ਲਈ ਇਨ੍ਹਾਂ ਟਰੱਕਾਂ ਨੂੰ ਚਲਾਉਣ ਵਾਲੇ ਡਰਾਈਵਰਾਂ ਦੇ ਪਹਿਲੇ ਟਰੱਕ ਖ਼ਾਲੀ ਪਏ ਰਹਿਣਗੇ। ਇਸ ਦਾ ਮਤਲਬ ਹੈ ਕਿ ਜਦੋਂ ਇਨ੍ਹਾਂ ਨਵੇਂ ਟਰੱਕਾਂ ਦੀ 2019 'ਚ ਡਿਲੀਵਰੀ ਹੁੰਦੀ ਹੈ, ਲੇਟ ਮਾਡਲ, ਘੱਟ ਮਾਈਲੇਜ ਵਾਲੇ ਪੁਰਾਣੇ ਟਰੱਕ ਆਸਾਨੀ ਨਾਲ ਮਿਲਣ ਲੱਗਣਗੇ।

ਹਾਰਟਲਿਬ ਦੀ ਸਲਾਹ ਹੈ ਕਿ ਵਰਤੇ ਗਏ ਟਰੱਕਾਂ ਦੇ ਖ਼ਰੀਦਦਾਰਾਂ ਨੂੰ ਇਹ ਚਿੰਤਾ ਸਾਂਝੀ ਕਰਨੀ ਚਾਹੀਦੀ ਹੈ ਅਤੇ ਵਧੀਕ ਵਾਰੰਟੀ ਕਵਰੇਜ ਖ਼ਰੀਦਣ ਬਾਰੇ ਸੋਚਣਾ ਚਾਹੀਦਾ ਹੈ।

ਵਾਲੇਨ ਨੇ ਸਲਾਹ ਦਿੱਤੀ ਹੈ ਕਿ ਗ੍ਰਾਹਕਾਂ ਨੂੰ ਪੁਰਾਣਾ ਟਰੱਕ ਖ਼ਰੀਦਣ ਤੋਂ ਪਹਿਲਾਂ ਇਸ ਨੂੰ ਟਰੱਕ ਦੇ ਬਰਾਂਡ ਨਾਲ ਸਬੰਧਤ ਡੀਲਰਸ਼ਿਪ ਕੋਲ ਠੀਕ ਤਰ੍ਹਾਂ ਜਾਂਚ ਕਰਵਾਉਣ ਲਈ ਲੈ ਕੇ ਆਉਣਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਦੇ ਕੁੱਝ ਸੌ ਡਾਲਰ ਖ਼ਰਚ ਹੋਣਗੇ ਪਰ ਸੜਕ 'ਤੇ ਡਰਾਈਵਿੰਗ ਦੌਰਾਨ ਸਿਰਦਰਦੀ ਅਤੇ ਖ਼ਰਚ ਤੋਂ ਛੁਟਕਾਰਾ ਮਿਲੇਗਾ।

ਉਨ੍ਹਾਂ ਕਿਹਾ, "ਜੇਕਰ ਤੁਸੀਂ ਕੀਜੀਜੀ ਤੋਂ ਖ਼ਰੀਦ ਰਹੇ ਹੋ ਤਾਂ ਇਸ ਨੂੰ ਡੀਲਰ ਕੋਲ ਲਿਜਾ ਕੇ ਜਾਂਚ ਕਰਵਾ ਲਉ ਕਿ ਇਸ ਦਾ ਉਤਸਰਜਨ ਸਿਸਟਮ ਦਰੁਸਤ ਹੈ ਅਤੇ ਕੀ ਕੋਈ ਹੋਰ ਨੁਕਸ ਤਾਂ ਨਹੀਂ ਹੈ, ਜੋ ਕਿ ਸਿਰਫ਼ ਟਰੱਕ ਨਿਰਮਾਤਾ ਦਾ ਡੀਲਰ ਹੀ ਪਤਾ ਕਰ ਸਕਦਾ ਹੈ। ਉਸ ਵਿਅਕਤੀ ਜਾਂ ਗ਼ੈਰ-ਮਾਨਤਾ ਪ੍ਰਾਪਤ ਡੀਲਰ ਦੀ ਗੱਲ 'ਤੇ ਭਰੋਸਾ ਨਾ ਕਰੋ ਜਿਸ ਤੋਂ ਤੁਸੀਂ ਟਰੱਕ ਖ਼ਰੀਦ ਰਹੇ ਹੋ।"

ਉਨਾਂ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਜੇਕਰ ਨੁਕਸ ਵਾਲੀ ਚੇਤਾਵਨੀ ਬੱਤੀ ਜੱਗ ਰਹੀ ਹੋਵੇ ਤਾਂ ਸੌਦੇ ਉਸੇ ਵੇਲੇ ਰੋਕ ਦਿਉ।

ਵਾਲੇਨ ਨੇ ਜ਼ੋਰ ਦੇ ਕੇ ਕਿਹਾ, "ਉਸ ਟਰੱਕ ਨੂੰ ਕਦੇ ਨਾ ਖ਼ਰੀਦੋ ਜਿਸ ਦੀ ਨੁਕਸ ਦੀ ਚੇਤਾਵਨੀ ਦੇਣ ਵਾਲੀ ਬੱਤੀ ਜੱਗ ਰਹੀ ਹੋਵੇ। ਅਜਿਹਾ ਟਰੱਕ ਖ਼ਰੀਦਣ ਨਾਲ ਤੁਹਾਨੂੰ 800 ਤੋਂ 8000 ਡਾਲਰ ਤਕ ਦੀ ਮੁਰੰਮਤ ਦਾ ਖ਼ਰਚਾ ਪੈ ਸਕਦਾ ਹੈ।"

ਵਰਤੇ ਹੋਏ ਟਰੱਕਾਂ ਦੇ ਬਾਜ਼ਾਰ 'ਚ ਵਿਸ਼ੇਸ਼ਤਾਵਾਂ ਦੀ ਮੰਗ ਵੀ ਬਦਲ ਰਹੀ ਹੈ। ਪਹਿਲਾਂ ਆਟੋਮੈਟਿਕ ਟਰਾਂਸਮਿਸ਼ਨ ਵਾਲੇ ਟਰੱਕਾਂ ਲਈ ਖ਼ਰੀਦਦਾਰ ਲੱਭਣਾ ਮੁਸ਼ਕਲ ਹੁੰਦਾ ਸੀ, ਪਰ ਹੁਣ ਅਜਿਹਾ ਨਹੀਂ ਹੈ।

ਵਾਲੇਨ ਨੇ ਕਿਹਾ ਕਿ ਹੁਣ ਮੈਨੂਅਲ ਟਰਾਂਸਮਿਸ਼ਨ ਵਾਲੇ ਟਰੱਕਾਂ ਨੂੰ ਵੇਚਣਾ ਮੁਸ਼ਕਲ ਹੋ ਰਿਹਾ ਹੈ, ਜੋ ਕਿ ਪਹਿਲਾਂ ਵਾਲੇ ਮਾਮਲੇ ਤੋਂ ਬਿਲਕੁਲ ਉਲਟ ਹੈ। RT





**Rapid change. New regulations. Increased competition.**

Omnitracs' unrivaled fleet management expertise helps you solve your unique challenges using modern, flexible, and comprehensive software solutions. Exceed customer expectations without sacrificing efficiency, and improve profitability while responding to near-constant change. Stay driven to succeed with the tools that only Omnitracs can provide.

omnitracs

